SATJUG
1920 ਤੋਂ ਸਾਲ 99 ਵਾਂ

Price:Rs.5/-

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਚੇਤਰ ੨੦੭੫
14 Mar. To 28 Mar. 2019

ਜਿਲਦ 27
ਨੰਬਰ 4
Total Pages 48



1869 ਈ: ਮਾਨਾਂਵਾਲਾ (ਸਿਆਲਕੋਟ) ਹੋਲਾ ਮਹੱਲਾ

ਚਰਨ ਲਾਇਕੇ ਆਖਿਆ ਉੱਠ ਬੱਚਾ, ਕਾਹਨੂੰ ਪਿਆਂ ਏਂ ਪੈਰ ਪਸਾਰ ਏਥੇ॥
ਬੱਚਾ ਉਠ ਬੈਠਾ ਲੋਕੀ ਸਰਨ ਆਏ, ਆਖਣ ਆਇਆ ਆਪ ਕਰਤਾਰ ਏਥੇ॥

# ਨਾਮਧਾਰੀ ਸ਼ਾਸਤ੍ਰੀ ਸੰਗੀਤ ਸੰਮੇਲਨ (ਲੁਧਿਆਣਾ) ਵਿਖੇ ਦੀਆਂ ਝਲਕੀਆਂ:



ਸ੍ਰੀ ਸਤਿਗੁਰੂ ਜੀ ਦੀਪ ਪ੍ਰਜਵੱਲਿਤ ਕਰਦੇ ਹੋਏ





ਅਰਵਿੰਦ ਕੁਮਾਰ ਆਜ਼ਾਦ ਤਬਲਾ ਵਾਦਕ ਨ੍ਰਿਤ ਕਾਰਾਂ (ਪੰਡਿਤ ਮਾਤਾ ਪ੍ਰਸਾਦ ਮਿਸ਼ਰਾ, ਪੰਡਿਤ ਰਵੀ ਸ਼ੰਕਰ ਮਿਸ਼ਰਾ) ਦਾ ਸਾਥ ਦਿੰਦੇ ਹੋਏ



ਨਾਮਧਾਰੀ ਸੰਗੀਤਕਾਰ ਬੱਚੇ



ਇਰਸ਼ਾਦ ਖਾਨ (ਸਤਾਰ ਵਾਦਨ)

# ਸਤਿਜੁਗ


੧ ਤੋਂ ੧੫ ਚੇਤਰ ੨੦੭੫ ਬ੍ਰਿ.
14 ਮਾਰਚ ਤੋਂ 28 ਮਾਰਚ 2019 ਈ:
ਜਿਲਦ 27, ਵੀਰਵਾਰ ਨੰਬਰ 4

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 20-3-2019,**
**Date of Posting: 21-22 Mar. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000


# ਤਤਕਰਾ


* ਸੰਪਾਦਕੀ-- ਤ੍ਰਿਵੇਣੀ ਪੁਰਬ ਹੋਲਾ ਮਹੱਲਾ...
ਹਰਪਾਲ ਸਿੰਘ ਸੇਵਕ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................8

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ.........................8

* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ....................9

* ਸਤਿਗੁਰੂ ਬਿਲਾਸ ਵਿੱਚੋਂ
(ਸੰਤੋਖ ਸਿੰਘ ਬਾਹੋਵਾਲ) ..............................10

* ਹੋਲੀ ਤੋਂ ਹੋਲੇ ਤੱਕ
ਨਿਸ਼ਾਨ ਸਿੰਘ ਕਥਾਵਾਚਕ .....................12

* **ਵਿਦਵਤਾ ਅਤੇ ਨਿਮਰਤਾ....ਗਿਆਨੀ ਬਲਵੰਤ ਸਿੰਘ ਕੋਠਾ ਗੁਰੂ**
ਲਖਵੀਰ ਸਿੰਘ ਰਾਮਪੁਰਾ ਫੂਲ......................20

* ਜੀਵਾਲਨ ਹਾਰ ਸਤਿਗੁਰੂ
ਸੰਤ ਇੰਦਰ ਸਿੰਘ ਚੱਕ੍ਰਵਰਤੀ......................22

* *A Saga Of Sri Satguru Jagjit Singh ji*
*Dr. Sharada Jayagovind...............................29*

* ਕਾਵਿ ਕਿਆਰੀ ................................................31

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.......................32

* ਸੁੱਚੇ ਮੋਤੀ ....................................................34

* ਬੱਚਿਆਂ ਦਾ ਪੰਨਾ...........................................35

* ਖ਼ਬਰਨਾਮਾ.......................................................36

# ਤ੍ਰਿਵੇਣੀ ਪੁਰਬ ਹੋਲਾ-ਮਹੱਲਾ ਅਤੇ ਹੱਲੇ ਦਾ ਕੀਰਤਨ

"ਅਬਿਚਲ ਨੀਵ ਧਰੀ ਗੁਰ ਨਾਨਕ, ਨਿਤ ਨਿਤ ਚੜੈ ਸਵਾਈ- ਗੁਰਵਾਕ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੱਚੀ ਪਾਤਸ਼ਾਹੀ ਦੇ ਰਾਜ -ਜੋਗ ਤਖਤ ਦਾ ਤੇਜ ਪ੍ਰਤਾਪ ਹਰ ਆਏ ਦਿਨ ਦੂਣ ਸਵਾਇਆ ਹੀ ਹੁੰਦਾ ਰਿਹਾ ਹੈ। ਸਤਿਗੁਰੂ ਸਾਹਿਬਾਨ ਨੇ ਆਪਣੇ ਸਮੇਂ ਵਿੱਚ ਪ੍ਰਤੀਕੂਲ ਪ੍ਰਸਥਿਤੀਆਂ ਦਾ ਸਾਹਮਣਾ ਕਰਦਿਆਂ ਹੋਇਆ ਸਿੱਖੀ ਫੁੱਲਵਾੜੀ ਨੂੰ ਸਰ-ਸਬਜ਼ ਰੱਖਣ ਲਈ ਉਚੇਚੇ ਸਫਲ ਯਤਨ ਕੀਤੇ। ਆਦਰਸ਼ ਸਮਾਜ ਅਤੇ ਸ੍ਰੇਸ਼ਟ ਮਨੁੱਖ ਸਿਰਜਣ ਲਈ ਸਤਿਗੁਰੂ ਸਾਹਿਬ ਨੇ ਆਪ ਅਨੇਕਾਂ ਕਸ਼ਟ ਸਹਾਰਕੇ ਮਿਸਾਲਾਂ ਕਾਇਮ ਕੀਤੀਆਂ। ਸਤਿਗੁਰੂ ਅਮਰਦਾਸ ਜੀ ਨੇ ਸਿੱਖੀ ਪ੍ਰਚਾਰ ਵਾਸਤੇ ਬਾਈ ਮੰਜੀਆਂ (ਮਸੰਦ) ਥਾਪੀਆਂ। ਸਤਿਗੁਰੂ ਅਰਜਨ ਦੇਵ ਜੀ ਨੇ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ ਸ਼ਹੀਦੀ ਦੇ ਕੇ ਕੁਰਬਾਨੀ ਦੀ ਪਿਰਤ ਪਾਈ। ਸਤਿਗੁਰੂ ਹਰਿ ਗੋਬਿੰਦ ਜੀ ਨੇ ਤੇਜਸਵੀ ਰੂਪ ਧਾਰਨ ਕੀਤਾ। ਭਗਤੀ ਨਾਲ ਸ਼ਕਤੀ ਨੂੰ ਜੋੜਿਆ। ਸਤਿਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਲਈ ਸੀਸ ਦੇ ਕੇ ਹਿੰਦ ਦੀ ਚਾਦਰ ਅਖਵਾਏ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਨੂੰ ਪਿਉਂਦ ਕਰਕੇ ਖਾਲਸ ਰੂਪ ਕਾਇਮ ਕੀਤਾ, ਸਿੱਖਾਂ ਨੂੰ ਸਿੰਘ ਬਣਾਇਆ। ਆਪ ਨੇ ਸਿੱਖਾਂ ਨੂੰ ਅਜਿਹੀ ਨਿਆਰੀ ਪਹਿਚਾਣ ਬਖਸ਼ੀ ਕਿ ਲੱਖਾਂ ਵਿੱਚ ਇਕੱਲਾ ਸਿੱਖ ਵੀ ਹੋਵੇ ਤੇ ਉਸਦੀ ਨਿਵੇਕਲੀ ਸ਼ਾਨ ਤੇ ਪਹਿਚਾਣ ਹੋਵੇ। ਭਗਵਤ ਗੀਤਾ ਦਾ ਭੁਲਿਆ ਉਪਦੇਸ਼ ਮੁੜ ਦੁਹਰਾਇਆ। ਜ਼ੁਲਮ ਦਾ ਖਾਤਮਾ ਕਰਨ, ਗਊ ਗਰੀਬ ਅਤੇ ਸਾਧੂਆਂ-ਸੰਤਾਂ ਦੀ ਰੱਖਿਆ ਲਈ ਪ੍ਰਭੂ ਭਗਤੀ ਦੇ ਨਾਲ ਧਰਮ ਯੁੱਧ ਦੀ ਸਿੱਖਿਆ ਦਿੱਤੀ। ਦੁਨਿਆਵੀ ਤਾਕਤ ਅਤੇ ਰੱਬੀ ਸ਼ਕਤੀ ਦੀ ਜਿੱਤ ਦਾ ਪ੍ਰਤੀਕ ਹੋਲੀ ਦੇ ਪੁਰਬ ਦਾ ਨਵਾਂ ਰੂਪ ਹੋਲਾ-ਮਹੱਲਾ ਆਰੰਭਿਆ - ਜ਼ੁਲਮ ਦੇ ਖਿਲਾਫ਼ ਹੱਲਾ ਕਰਨਾ। ਸ੍ਰੀ ਦਸਮੇਸ਼ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ ਪੰਜ ਕਿਲੇ ਬਣਾਏ। ਇਨ੍ਹਾਂ ਕਿਲਿਆਂ ਦੇ ਨਾਮ ਵੀ "ਨਿਸਚੈ ਕਰ ਅਪਨੀ ਜੀਤ ਕਰੋਂ" ਦੇ ਹੀ ਪ੍ਰਤੀਕ ਸਨ- 1) ਅਨੰਦਗੜ੍ਹ 2) ਲੋਹਗੜ੍ਹ 3) ਫਤੇਹਗੜ੍ਹ 4) ਕੇਸਗੜ੍ਹ 5) ਹੋਲਗੜ੍ਹ- ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਪ ਨੇ ਸੰਮਤ 1756 ਬਿਕ੍ਰਮੀ (1699ਈ.) ਦੀ ਵੈਸਾਖੀ ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ 1757 ਬਿ. ਚੇਤ ਵਦੀ 1 ਨੂੰ ਕਿਲਾ ਹੋਲਗੜ੍ਹ ਵਿਖੇ ਪਹਿਲੀ ਵੇਰ ਮਹੱਲਾ ਖੇਡ ਕੇ ਹੋਲਾ ਮਹੱਲਾ ਆਰੰਭਿਆ। ਜ਼ਬਰ ਜ਼ੁਲਮ 'ਤੇ ਸੱਚ ਅਤੇ ਧਰਮ ਦੀ ਜਿੱਤ ਦਾ ਪ੍ਰਤੀਕ ਪੁਰਬ ਹੋਲੀ - ਕੇਵਲ ਰੰਗਾਂ ਦਾ , ਹੱਸਣ ਖੇਡਣ ਅਤੇ ਮਨ ਪ੍ਰਚਾਵੇ ਦਾ ਤਿਉਹਾਰ ਬਣ ਕੇ ਰਹਿ ਗਈ ਸੀ। ਸਾਡੇ ਸਤਿਗੁਰੂ ਸਹਿਬਾਨ ਨੇ ਇੱਕ ਦੂਸਰੇ ਤੇ ਰੰਗ ਡੋਲਣ ਦੀ ਜਗ੍ਹਾ ਆਤਮਾ ਨੂੰ ਨਾਮ-ਸਿਰਮਨ ਅਤੇ ਸੇਵਾ ਦੀ ਰੰਗਨ ਚਾੜਨ ਦਾ ਉਪਦੇਸ਼ ਦਿੱਤਾ -

'ਹੋਲੀ ਕੀਨੀ ਸੰਤ ਸੇਵ ਰੰਗੁ ਲਾਗਾ ਅਤਿ ਲਾਲ ਦੇਵ'

ਸ੍ਰੀ ਦਸ਼ਮੇਸ਼ ਪਾਤਸ਼ਾਹ ਨੇ ਹੋਲੀ ਦੇ ਭਗਤੀ ਅਤੇ ਪ੍ਰੇਮ ਰਸ ਨੂੰ ਬੀਰ ਰਸ ਦੀ ਰੰਗਣ ਚਾੜ੍ਹ ਕੇ ਹੋਲਾ ਅਤੇ ਜ਼ੁਲਮ ਦੇ ਖਿਲਾਫ ਹੱਲਾ ਕਰਨਾ ਦੱਸ ਕੇ ਮਹੱਲਾ ਸ਼ਬਦ ਜੋੜਿਆ- "ਲੋਗਨ ਕੀ ਹੋਲੀ ਅਰ ਖਾਲਸੇ ਕਾ ਹੋਲਾ ਹੈ" - ਜ਼ੁਲਮ ਦਾ ਮੁਕਾਬਲਾ ਕਰਦਿਆਂ ਸ੍ਰੀ ਕਲਗੀਧਰ ਪਾਤਸ਼ਾਹ ਨੂੰ 1704 ਬਿਕ੍ਰਮੀ ਨੂੰ ਅਨੰਦਪੁਰ ਛੱਡਣਾ ਪਿਆ ।

18ਵੀਂ ਸਦੀ ਦੇ ਘੱਲੂ ਘਾਰਿਆਂ ਦੇ ਦੌਰ ਵਿੱਚ ਹੋਲਾ ਮਹੱਲਾ ਕਈ ਵਰ੍ਹੇ ਅਲੋਪ ਰਿਹਾ। ਪਰ ਜ਼ੁਲਮ ਦੇ ਖਿਲਾਫ ਮਹੱਲਾ ਭਾਵ ਹੱਲਾ ਪੂਰੀ ਸਦੀ ਭਰ ਜਾਰੀ ਰਿਹਾ। ਲੱਖਾਂ ਜਾਨਾਂ ਵਾਰ ਕੇ ਜ਼ਾਲਮ ਰਾਜ ਦਾ ਅੰਤ ਹੋ ਗਿਆ, ਸਰਬ ਸਾਂਝਾ ਸਿੱਖ ਰਾਜ ਸਥਾਪਿਤ ਹੋ ਗਿਆ। ਕੁਝ ਦਹਾਕਿਆਂ ਵਿੱਚ ਹੀ ਸਿੱਖ, ਰਾਜ -ਮਦ ਵਿੱਚ ਕੁਕਰਮਾਂ ਵਿੱਚ ਫਸ ਗਏ। ਨਾਮ-ਬਾਣੀ ਅਤੇ ਸੇਵਾ-ਸਿਮਰਨ ਭੁੱਲ ਬੈਠੇ, ਮਾਸ- ਸ਼ਰਾਬ ਅਤੇ ਮੁਜ਼ਰੇ ਆਮ ਹੋ ਗਏ। ਮਹਾਨ ਭਗਤ ਤਿਆਗੀ ਸੂਰਬੀਰ ਸਿੱਖਾਂ ਦੇ ਪੁੱਤ-ਪੋਤਰੇ ਸਿੱਖੀ ਛੱਡ ਕੇ ਮਲੇਛ ਕਰਮ ਕਰਨ ਲੱਗ ਪਏ 'ਸਿੰਘਨ ਕੇ ਪੂਤ ਸਿੰਘ ਨਾਮ ਮਜਬੂਤ ਵਾਲੇ, ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ॥' ਜੋ ਪੰਥ 'ਖਾਲਸਾ', ਧਰਮ ਦਾ ਸ਼ੁੱਧ ਸਰੂਪ ਸੀ, ਉਹ ਕੁਕਰਮੀ ਮਲੇਛ ਬਣ ਗਿਆ। ਸਿੱਟੇ ਵਜੋਂ ਅਨੇਕਾਂ ਕੁਰਬਾਨੀਆਂ ਕਰਕੇ ਬਣਿਆ ਰਾਜ -ਭਾਗ ਤਬਾਹ ਹੋ ਗਿਆ। ਪੂਰੇ ਭਾਰਤ ਦੇ ਨਾਲ ਪੰਜਾਬ ਵੀ ਗੋਰਿਆਂ ਦਾ ਗੁਲਾਮ ਹੋ ਗਿਆ। ਗੁਰੂ ਨਾਨਕ ਦੇਵ ਜੀ ਦੇ ਭਵਿੱਖਤ ਵਾਕ - 'ਮੈਂ ਫੇਰ ਕਰੂੰਗਾ ਖਾਲਸਾ, ਵੱਸੈ ਵਿੱਚ ਪੰਜਾਬ' ਪੂਰੇ ਹੋਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਮਤ 1914 ਬਿ: (1857 ਈ:) ਦੀ ਵੈਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਪੁਨਰ ਸੁਰਜੀਤੀ ਕੀਤੀ। ਲੋਕਾਂ ਨੂੰ ਨਸ਼ਿਆਂ ਅਤੇ ਵਿਸ਼ਿਆਂ ਤੋਂ ਵਰਜ ਕੇ ਨਾਮ ਬਾਣੀ ਨਾਲ ਜੋੜਿਆ। ਆਪ ਨੇ ਭਾਈ ਰਾਇ ਸਿੰਘ ਨੂੰ ਉਚੇਚਾ ਸ੍ਰੀ ਹਜ਼ੂਰ ਸਾਹਿਬ ਭੇਜ ਕੇ ਉੱਥੋਂ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਮਰਿਆਦਾ ਮੰਗਵਾ ਕੇ ਪੰਜਾਬ ਵਿੱਚ ਪ੍ਰਚਲਤ ਕੀਤੀ। ਸਿੱਖੀ ਸਵੈਮਾਣ ਦਾ, ਸੁਤੰਤਰਤਾ ਦਾ ਮੂਲ ਮੰਤਰ "ਭੈ ਕਾਹੂ ਕਉ ਦੇਤਿ ਨਹਿ, ਨਹਿ ਭੈ ਮਾਨਤ ਆਨ- ਸਿੱਖਾਂ ਨੂੰ ਦ੍ਰਿੜ ਕਰਵਾਇਆ। ਆਜ਼ਾਦੀ ਦਾ ਬਿਗਲ ਵਜਾਇਆ। ਵਿਦੇਸ਼ੀ ਸਰਕਾਰ ਨਾਲ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਦੇਸ਼ ਆਜ਼ਾਦ ਕਰਵਾਉਣ ਸਿਆਸੀ ਹਥਿਆਰ ਵਜੋਂ ਵਰਤਣ ਵਾਲੇ ਆਪ ਪਹਿਲੇ ਭਾਰਤੀ ਸਨ। ਗੁਰ ਦੀਖਿਆ ਦੇਣ ਸਮੇਂ ਆਪ ਦਾ ਇਹ ਉਪਦੇਸ਼ ਕਿ "ਬਿੱਲਿਆਂ ਦੀ ਨੌਕਰੀ ਨਹੀਂ ਕਰਨੀ ਇਨ੍ਹਾਂ ਦੀ ਬਣੀ ਕੋਈ ਚੀਜ਼ ਨਹੀਂ ਵਰਤਣੀ - ਮੂਲ ਮੰਤਰ ਵਾਂਗ ਹੀ ਸਮਝਿਆ ਜਾਂਦਾ ਸੀ। ਆਪ ਨੇ ਉਨ੍ਹਾਂ ਸਾਰਿਆਂ ਪਹਿਲੂਆਂ ਤੋਂ ਸਮਾਜ ਨੂੰ ਜਾਗਰੂਕ ਕੀਤਾ ਜਿਨ੍ਹਾਂ ਕਮਜ਼ੋਰੀਆਂ ਕਰਕੇ ਦੇਸ਼ ਗੁਲਾਮ ਹੋਇਆ ਸੀ। ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢ ਕੇ ਨਸ਼ਿਆਂ ਤੋਂ ਰੋਕਿਆ, ਸਮਾਜਿਕ ਕੁਰੀਤੀਆਂ ਤੋਂ ਵਰਜਿਆ, ਲੜਕੀਆਂ ਮਾਰਨੀਆਂ- ਵੇਚਣੀਆਂ, ਵੱਟਾ ਕਰਨਾ, ਬਾਲ ਵਿਆਹ ਅਤੇ ਦਾਜ ਦਹੇਜ ਆਦਿ ਰਸਮਾਂ ਪੂਰੀ ਤਰ੍ਹਾਂ ਬੰਦ ਕਰਕੇ ਔਰਤਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ ਕੇ ਆਜ਼ਾਦੀ ਸੰਗਰਾਮ ਵਿੱਚ ਭਾਈਵਾਲ ਬਣਾਇਆ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿੱਚ ਆਪ ਦੇ ਸਾਜੇ ਸੰਤ ਖਾਲਸੇ ਬਾਰੇ ਅਤੇ ਉਨ੍ਹਾਂ ਦੇ ਉਦੇਸ਼ ਬਾਰੇ ਲਿਖਦੇ ਹਨ

ਦਸਵੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ॥

ਜਨਵਰੀ 1863 ਈ: ਨੂੰ ਅੰਗਰੇਜ਼ੀ ਸਰਕਾਰ ਨੇ ਆਪ ਦੇ ਦੌਰਿਆਂ ਪਿੱਛੇ ਸੂਹੀਏ ਲਾ ਦਿੱਤੇ। ਖੂਫੀਆ ਰਿਪੋਰਟਾਂ ਅਨੁਸਾਰ ਅੰਗਰੇਜ਼ੀ ਸਰਕਾਰ ਜੂਨ 1863 ਈ: ਤੱਕ ਹੀ ਇਸ ਸਿੱਟੇ ਤੇ ਪੁੱਜ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ ਜਾਵੇ। ਪਰ ਆਪ ਨੇ ਸੂਬੇ, ਨਾਇਬ , ਜਥੇਦਾਰ ਥਾਪ ਕੇ ਧਰਮ ਅਤੇ ਆਜ਼ਾਦੀ ਦਾ ਪ੍ਰਚਾਰ ਜਾਰੀ ਰੱਖਿਆ। 1867 ਈ: ਨੂੰ ਆਪ ਨੇ ਸਤਿਆਗ੍ਰਹਿ ਕਰਕੇ, ਨਜ਼ਰਬੰਦੀ ਨੂੰ ਤੋੜ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਮਨਾਇਆ। ਬਰਤਾਨਵੀ ਹਾਕਮਾਂ ਨੇ ਆਪ ਨੂੰ ਹੋਲਾ-ਮਹੱਲਾ ਮਨਾਉਣ ਅਤੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣੋਂ ਰੋਕਣ ਲਈ ਬਹੁਤ ਯਤਨ ਕੀਤੇ। ਪਰ ਅਖੀਰ ਆਪ ਦੇ ਦ੍ਰਿੜ ਸੰਕਲਪ ਅੱਗੇ ਸਰਕਾਰ ਨੂੰ ਝੁਕਣਾ ਪਿਆ। ਇਸ ਤਰ੍ਹਾਂ ਹੋਲਾ-ਮਹੱਲਾ ਵੀ ਜੰਗ-ਏ-ਆਜ਼ਾਦੀ ਦਾ ਪ੍ਰਤੀਕ ਬਣ ਗਿਆ। ਆਪ ਨੇ ਛੇ ਹੋਲੇ-ਮਹੱਲੇ ਦੇ ਮੇਲੇ ਪੰਜਾਬ ਵਿੱਚ ਵੱਖੋ-ਵੱਖ ਥਾਈਂ ਕਰਵਾਏ।

ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਦਸਮੇਸ਼ ਸਤਿਗੁਰੂ ਜੀ ਦੁਆਰਾ ਆਰੰਭੇ ਹੋਲੇ-ਮਹੱਲੇ ਨਾਲ ਇੱਕ ਨਵੀਂ ਰੀਤ ਤੋਰੀ ਹੱਲੇ ਦਾ ਕੀਰਤਨ। ਢੋਲਕ ਦੀ ਧਮਕਾਰ ਅਤੇ ਛੈਣਿਆਂ ਦੀ ਛਣਕਾਰ ਨਾਲ ਤਾਰ ਸਪਤਕ ਸੁਰਾਂ ਅਤੇ ਗੁਰਬਾਣੀ ਦਾ ਕੀਰਤਨ ਕਰਨ ਦੀ ਰੀਤ। ਜਿਵੇਂ ਲੋਕ ਧੁਨਾਂ ਦਾ ਅਧਾਰ ਵੀ ਮਿਸ਼ਰਤ ਰਾਗ ਹਨ ਇਸੇ ਤਰ੍ਹਾਂ ਹੱਲੇ ਦੇ ਕੀਰਤਨ ਦਾ ਅਧਾਰ ਵੀ ਲੋਕ ਧੁਨਾਂ

ਚ ਪ੍ਰਚਲਤ ਮਿਸ਼ਰਤ ਰਾਗ ਹਨ– ਜਿਵੇਂ ਪਹਾੜੀ, ਭੈਰਵੀ, ਆਸਾ, ਪੀਲੂ, ਕਾਫੀ, ਆਸਾਵਰੀ, ਖਮਾਜ ਆਦਿ।

ਰਾਗ ਪੀਲੂ ਵਿੱਚ। "ਹੋਲੀ ਕੀਨੀ ਸੰਤ ਸੇਵ, ਰੰਗੁ ਲਾਗਾ ਅਤਿ ਲਾਲ ਦੇਵ॥" ਰਾਗ ਆਸਾਵਰੀ ਵਿੱਚ – ਭਈ ਨਿਰਾਸੀ ਬਹੁਤੁ ਦਿਨ ਲਾਗੇ। ਦੇਸ ਦਿਸੰਤਰ ਮੈ ਸਗਲੇ ਝਾਗੇ ॥ ਰਾਗ ਪਹਾੜੀ ਵਿੱਚ – ਸਹੁ ਨੇੜੈ ਧਨ ਕੰਮਲੀਏ, ਬਾਹਰੁ ਕਿਆ ਢੂਢੇਹਿ॥ ਰਾਗ ਕੌਂਸੀਆ ਵਿੱਚ 'ਸੂਰਬੀਰਾ ਸਜੇ ਘੋਰ ਬਾਜੇ ਬਜੇ॥' ਹੱਲੇ ਦੇ ਕੀਰਤਨ ਦੀ ਸ਼ੈਲੀ 'ਚ ਆਸਾ ਦੀ ਵਾਰ ਨੂੰ ਵੀ 'ਵਾਰਾ' ਆਖਦੇ ਹਨ।

ਢੋਲਕ ਛੈਣਿਆਂ ਨਾਲ ਦਿਲਰੁਬਾ ਜਾਂ ਤਾਊਸ਼ ਆਦਿ ਤੰਤੀ ਸਾਜ਼ ਵੀ ਵਜਾਏ ਜਾਂਦੇ ਹਨ। ਹੱਲੇ ਦਾ ਦੀਵਾਨ ਪ੍ਰੇਮ ਰਸ, ਵੈਰਾਗ ਰਸ ਅਤੇ ਬੀਰਰਸ ਭਰਪੂਰ ਕੀਰਤਨ ਹੁੰਦਾ ਹੈ। ਇਸ ਦੇ ਵੀ ਦੋ ਰੂਪ ਹਨ, ਪਹਿਲਾ ਉੱਚੀਆਂ ਸੁਰਾਂ ਤੇ ਕੀਰਤਨ ਜਿਵੇਂ ਮੂਸਲਾਧਾਰ ਵਰਖਾ ਦਾ ਤੇਜ ਪਾਣੀ ਕੂੜਾ ਕਰਕਟ ਰੋੜ ਕੇ ਲੈ ਜਾਂਦਾ ਹੈ, ਇਸੇ ਤਰ੍ਹਾਂ ਹੱਲੇ ਦੇ ਕੀਰਤਨ ਦੇ ਇਸ ਰੂਪ ਨਾਲ ਮਨ ਵਿੱਚ ਐਸਾ ਵੈਰਾਗ ਉਪਜਦਾ ਹੈ ਕਿ – "ਹਉ ਆਕਲ ਬਿਕਲ ਭਈ ਗੁਰ ਦੇਖੇ, ਹਉ ਲੋਟ ਪੋਟ ਹੋਇ ਪਈਆ' ਵਾਲੀ ਅਵਸਥਾ ਬਣ ਜਾਂਦੀ ਹੈ। ਇਸੇ ਤਰ੍ਹਾਂ ਸ਼ਬਦ ਦੀ ਮਸਤੀ ਵਿੱਚ ਮਸਤਾਨੇ ਹੋਣ ਕਰਕੇ ਨਾਮਧਾਰੀ ਸਿੱਖਾਂ ਦਾ ਨਾਂ ਕੂਕੇ ਪ੍ਰਚਲਤ ਹੋ ਗਿਆ। ਦੂਸਰਾ ਰੂਪ ਹੈ ਜਿਵੇਂ ਝੜੀ ਲੱਗ ਜਾਂਦੀ ਹੈ, ਬਰੀਕ – ਬਰੀਕ ਫੂਰ ਜਿਹੀ ਜਾਂ ਕਿਣਮਿਣ ਹੁੰਦੀ ਹੈ, ਵਰਖਾ ਦਾ ਪਾਣੀ ਨਾਲ ਦੇ ਨਾਲ ਧਰਤੀ 'ਚ ਸਮਾਉਂਦਾ ਜਾਂਦਾ ਹੈ। ਇਸ ਤਰ੍ਹਾਂ ਮਧੁਰ –ਮਧੁਰ ਅਤੇ ਲੰਮੀਂ ਲੈਅ ਵਿੱਚ ਢੋਲਕ ਛੈਣਿਆਂ ਨਾਲ ਕੀਰਤਨ, ਜੋਟੀਆਂ ਦੇ ਸ਼ਬਦ। ਗੁਰਬਾਣੀ ਕੀਰਤਨ ਦੀ ਐਸੀ ਫੁਹਾਰ ਪੈਂਦੀ ਹੈ– "ਤ੍ਰਿਸਨਾ ਸਕਲ ਬਿਨਾਸੀ ਮਨ ਤੇ – ਅੰਤਰ ਆਤਮਾ ਤ੍ਰਿਪਤ ਹੋ ਜਾਂਦਾ ਹੈ।

ਹੱਲੇ ਦਾ ਕੀਰਤਨ ਨਾਮਧਾਰੀ ਸਮਾਜ ਦੀ ਪਛਾਣ ਬਣ ਗਿਆ– ਲੋਕ ਮੁਹਾਵਰਾ ਪ੍ਰਚਲਤ ਹੋ ਗਿਆ "ਜਿਥੇ ਛੈਣੇ ਢੋਲਕੀ ਖੜਕਣ ਉਹ ਘਰ ਕੂਕਿਆਂ ਦਾ।" ਸੰਤ ਨਿਹਾਲ ਸਿੰਘ ਜੀ ਬਾਰਾਂ ਮਾਂਹ ਵਿੱਚ ਲਿਖਦੇ ਹਨ

ਚੇਤਰ ਚਾਲ ਹੈ ਨਿਆਰੀ ਇੱਕ ਪੰਥ ਨਾਮਧਾਰੀ,
ਸਿੰਘ ਹੋਏ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ॥.....
ਬੈਠ ਲਾਵਦੇ ਦੀਵਾਨ, ਸਾਰਾ ਵੇਖਦਾ ਜਹਾਨ,
ਇੱਕ ਹੋਣ ਮਸਤਾਨੇ, ਛੈਣੇ ਢੋਲਕੀ ਵਜਾਂਵਦੇ॥

ਬੀਰ ਰਸੀ ਹੱਲੇ ਦੇ ਕੀਰਤਨ ਨੇ ਨਾਮਧਾਰੀ ਸਿੱਖਾਂ ਨੂੰ ਏਨੇ ਨਿਰਭੈ ਕਰ ਦਿੱਤਾ ਕਿ ਉਹ ਫਾਂਸੀ ਦਾ ਰੱਸਾ ਗਲ 'ਚ ਪਾਉਣ ਜਾਂਦਿਆਂ ਵੀ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੇ ਗਏ।

ਇਸ ਤਰ੍ਹਾਂ ਨਾਮਧਾਰੀ ਸਿੱਖਾਂ ਵਿੱਚ ਹੋਲਾ–ਮਹੱਲਾ ਅਤੇ ਹੱਲੇ ਦਾ ਕੀਰਤਨ ਨਾਮਧਾਰੀ ਪ੍ਰੰਪਰਾ ਦਾ ਅਨਿਖੜਵਾਂ ਅੰਗ ਬਣ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਛੇ (6) ਹੋਲੇ ਮਹੱਲੇ ਦੇ ਮੇਲੇ ਕੀਤੇ। ਸਤਿਗੁਰੂ ਹਰੀ ਸਿੰਘ ਜੀ ਨੇ ਸੱਤ (7) ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਰਵੰਜਾ (53) ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜੂਰੀ ਵਿੱਚ 53 ਵਰ੍ਹਿਆਂ ਵਿੱਚ 58 ਹੋਲੇ ਮਹੱਲੇ ਹੋਏ। ਨਾਮਧਾਰੀ ਸਿੱਖ ਸਮਾਜ ਵਿੱਚ ਹੋਲੇ ਮਹੱਲੇ ਦਾ ਮੇਲਾ ਨਿਰੋਲ ਅਧਿਆਤਮਕ ਵਾਤਾਵਰਨ ਵਿੱਚ ਨਾਮ–ਬਾਣੀ, ਕਥਾ–ਕੀਰਤਨ ਅਤੇ ਸੇਵਾ ਸਿਮਰਨ ਹੀ ਹੁੰਦਾ ਹੈ। ਕੋਈ ਸਿਆਸੀ ਗੱਲ ਨਹੀਂ, ਕੋਈ ਸੰਪਰਦਾਇਕ ਖਿੱਚੋਤਾਣ ਨਹੀਂ ਹੁੰਦੀ। ਪੰਜਾਬ ਵਿੱਚ ਲੱਗਦੇ ਹੋਰ ਇਤਿਹਾਸਕ ਮੇਲਿਆਂ ਵਾਂਗ ਕੋਈ ਬਜ਼ਾਰ ਨਹੀਂ ਲੱਗਦੇ । ਪੂਰਾ ਵਾਤਾਵਰਨ ਸਫੈਦ ਅਤੇ ਸ਼ਾਂਤ ਰੌਣਕ ਨਾਲ ਸਰਸ਼ਾਰ ਹੁੰਦਾ ਹੈ। ਨਾਮਧਾਰੀ ਨੌਜਵਾਨਾਂ ਦੀਆਂ ਗਤਕੇ ਦੀਆਂ ਟੀਮਾਂ ਵੀ ਆਪਣੇ ਜੌਹਰ ਵਿਖਾਉਂਦੀਆਂ ਹਨ। ਇਹ ਪੁਰਬ, ਦੇਸ਼ ਦੇ ਵੱਖੋਂ ਵੱਖ ਕੋਨਿਆਂ ਵਿੱਚ ਅਤੇ ਕਈ ਵਾਰ ਵਿਦੇਸ਼ਾਂ ਵਿੱਚ ਵੀ ਮਨਾਇਆ ਗਿਆ ਹੈ। 17 ਮਾਰਚ 2006 ਹੋਲੇ–ਮਹੱਲੇ ਸਮੇਂ ਹੋਏ ਸਾਹਿਤਕ ਸਮਾਗਮ ਸਮੇਂ ਬੋਲਦਿਆਂ ਸਰਦਾਰ ਜਗਦੇਵ ਸਿੰਘ ਜੱਸੋਵਾਲ ਜੀ ਨੇ ਕਿਹਾ , "ਅੱਜ ਵੀ ਲੋਕ ਅਨੰਦਪੁਰ ਹੋਲੇ-ਮਹੱਲੇ ਤੇ ਜਾਂਦੇ ਹਨ, ਪਰ ਉਨ੍ਹਾਂ ਵਿੱਚੋਂ ਬਹੁਤੇ ਸਿੱਖ ਪਤਿਤ ਹੁੰਦੇ ਹਨ, ਅਸੀਂ ਨਾਮਧਾਰੀ ਸਿੱਖਾਂ ਤੇ ਮਾਣ ਅਤੇ ਵਿਸ਼ਵਾਸ ਕਰਦੇ ਹਾਂ ਕਿ ਇਨ੍ਹਾਂ ਵਿੱਚ ਨਾ ਕੋਈ ਰੋਮਾਂ ਦੀ ਬੇ-ਅਦਬੀ ਕਰਦਾ ਹੈ ਅਤੇ ਨਾ ਕੋਈ ਨਸ਼ੇ ਵਰਤਦਾ ਹੈ। ਸਿੱਖੀ ਮਰਿਆਦਾ ਦਾ ਸ਼ੁੱਧ ਸਰੂਪ ਨਾਮਧਾਰੀ ਮੇਲਿਆਂ ਵਿੱਚ ਸਾਕਾਰ ਹੁੰਦਾ ਹੈ। ਨਾਮਧਾਰੀ ਹੋਲੇ-ਮਹੱਲੇ ਦਾ ਸਭ ਤੋਂ ਅਨੂਠਾ ਦ੍ਰਿਸ਼ ਹੁੰਦਾ ਹੈ – ਭੋਗ ਵਾਲੇ ਦਿਨ ਸਮੂਹਿਕ ਅਨੰਦ ਕਾਰਜ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੌਰਾਨ ਹੀ ਸ੍ਰੀ ਆਦਿ ਅਤੇ ਦਸਮ


ਗੁਰਬਾਣੀ ਦਾ ਪਾਠ ਕਰਦਿਆਂ ਹਵਨ ਯੱਗ ਕੀਤਾ ਜਾਂਦਾ ਹੈ। ਹਵਨ ਵਿਚ ਸੁਗੰਧਿਤ ਜੜੀਆਂ ਬੂਟੀਆਂ ਅਤੇ ਦੇਸੀ ਘਿਉ ਦੀਆਂ ਅਹੂਤੀਆਂ ਨਾਲ ਸਮੁੱਚਾ ਵਾਤਾਵਰਣ ਸੁਗੰਧਿਤ ਹੋ ਜਾਂਦਾ ਹੈ। ਵੇਦੀ ਗੱਡੀ ਜਾਂਦੀ ਹੈ। ਸਫੈਦ ਅਤੇ ਸਾਦੇ ਪਹਿਰਾਵੇ ਵਿੱਚ ਲੜਕਾ ਪਹਿਲਾਂ ਬੈਠਦਾ ਹੈ ਲੜਕੀ ਆਪਣੇ ਹੋਣ ਵਾਲੇ ਪਤੀਦੇਵ ਦੇ ਗਲ ਵਿੱਚ ਉੱਨ ਦੀ ਮਾਲਾ ਪਾ ਕੇ, ਮੱਥਾ ਟੇਕ ਕੇ ਨਾਲ ਖੱਬੇ ਪਾਸੇ ਬੈਠ ਜਾਂਦੀ ਹੈ ਅਤੇ ਬਾਅਦ ਵਿੱਚ ਦੋਹਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਕਿਸੇ ਨੇ ਕੋਈ ਗਹਿਣਾ ਨਹੀਂ ਪਹਿਨਿਆ ਹੁੰਦਾ, ਤੀਹ, ਚਾਲੀ ਜਾਂ ਪੰਜਾਹ ਜੋੜਿਆਂ ਵਿੱਚੋਂ ਕੋਈ ਇਹ ਨਹੀਂ ਪਛਾਣ ਸਕਦਾ ਕਿ ਕਿਹੜਾ ਜੋੜਾ ਕਰੋੜ ਪਤੀ ਮਾਪਿਆਂ ਦਾ ਹੈ ਜਾਂ ਕਿਹੜਾ ਸਾਧਾਰਨ ਕਿਰਤੀ ਸਿੱਖ ਦਾ। ਸਤਿਗੁਰੂ ਰਾਮਦਾਸ ਜੀ ਦੀਆਂ ਉਚਾਰੀਆਂ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ ਅਤੇ ਜੋੜੇ ਹਵਨ ਦੁਆਲੇ ਸੱਜੇ ਤੋਂ ਖੱਬੇ ਨੂੰ ਚਾਰ ਲਾਵਾਂ ਲੈਂਦੇ ਹਨ। ਅਨੰਦ ਸਾਹਿਬ ਦੀਆਂ ਪੰਜ ਪੌੜੀਆਂ ਦਾ ਗਾਇਨ ਹੁੰਦਾ ਹੈ। ਜੋੜਿਆਂ ਨੂੰ ਇੱਥੇ ਬੈਠਿਆਂ ਹੀ ਕੜਾਹ ਪ੍ਰਸ਼ਾਦਿ ਦਿੱਤਾ ਜਾਂਦਾ ਹੈ। ਉਪਰੰਤ ਇਹ ਨਵ-ਵਿਆਹੇ ਲੜਕੇ ਲੜਕੀਆਂ ਦੀਵਾਨ ਵਿੱਚ ਬਿਰਾਜਮਾਨ ਆਪਣੇ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹਨ। ਇਸ ਸਮੇਂ ਇਹ ਇੱਕ ਰੁਪਏ ਤੋਂ ਵੱਧ ਮੱਥਾ ਨਹੀਂ ਟੇਕ ਸਕਦੇ ਤਾਂ ਕਿ ਕਿਸੇ ਗਰੀਬ ਸਿੱਖ ਨੂੰ ਹੀਣ ਭਾਵਨਾ ਦਾ ਅਹਿਸਾਸ ਨਾ ਹੋਵੇ। ਅਨੰਦ ਕਾਰਜ ਦੀ ਇਹ ਸਾਰੀ ਰਸਮ ਕਰੀਬ ਇੱਕ ਘੰਟੇ ਵਿੱਚ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਸੰਪੂਰਨ ਹੋ ਜਾਂਦੀ ਹੈ। ਜਦੋਂ ਅਜੇ ਬਹੁਤੀ ਦੁਨੀਆਂ ਬਿਸਤਰਿਆਂ ਵਿੱਚ ਹੁੰਦੀ ਹੈ ਨਾਮਧਾਰੀ ਅਨੰਦ ਕਾਰਜ ਦੀ ਪਹਿਲੀ ਅਤੇ ਆਖਰੀ ਰਸਮ ਸੰਪੂਰਨ ਹੋ ਜਾਂਦੀ ਹੈ। ਕੋਈ ਮੰਗਣੀ, ਮਿਲਣੀ, ਮੁਕਲਾਵਾ, ਠਾਕਾ, ਛੁਹਾਰਾ ਆਦਿ ਨਹੀਂ ਇੱਥੋਂ ਤੱਕ ਕੇ ਕੋਈ ਵਿਆਹ ਦੇ ਕਾਰਡ ਵੀ ਨਹੀਂ ਛਪਵਾ ਸਕਦਾ। ਉਲੰਘਣਾ ਕਰਨ ਵਾਲੇ ਨੂੰ ਦੰਡ ਲਗਾਇਆ ਜਾਂਦਾ ਹੈ। ਸਤਿਜੁਗ ਦੀ ਭਗਤ ਪ੍ਰਹਿਲਾਦ, ਹਰਿਨਾਕਸ਼, ਹੋਲਿਕਾ ਅਤੇ ਭਗਵਾਨ ਦੇ ਨਰਸਿੰਘ ਅਵਤਾਰ ਨਾਲ ਜੁੜੀ ਕਥਾ ਤੋਂ ਆਰੰਭ ਹੋਇਆ ਹੋਲੀ ਪੁਰਬ, ਸ੍ਰੀ ਦਸਮ ਪਾਤਸ਼ਾਹ ਦੁਆਰਾ ਸਮੇਂ ਦੀ ਲੋੜ ਅਨੁਸਾਰ ਹੋਲੀ ਨੂੰ ਬੀਰ ਰਸੀ ਅਤੇ ਨਾਮ ਬਾਣੀ ਦੀ ਰੰਗਣ ਵਿਚ ਰੰਗ ਕੇ ਹੋਲਾ-ਮਹੱਲਾ ਸ਼ੁਰੂ ਕਰਨਾ। ਉਨ੍ਹੀਵੀਂ ਸਦੀ ਦੇ ਦੂਸਰੇ ਮੱਧ ਵਿਚ ਬਰਤਾਨਵੀ ਸਮਰਾਜ ਤੋਂ ਦੇਸ਼ ਨੂੰ ਮੁਕਤ ਕਰਵਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਵਲੋਂ ਹੋਲੇ-ਮਹੱਲੇ ਨਾਲ ਹੱਲੇ ਦੇ ਕੀਰਤਨ ਦਾ ਆਰੰਭ - "ਗੋਰੇ ਹਿੱਲ ਗਏ ਹੱਲੇ ਦੇ ਸ਼ਬਦ ਸੁਣ ਕੇ, ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।"

ਸਤਿਗੁਰੂ ਰਾਮ ਸਿੰਘ ਜੀ ਵੱਲੋਂ 1869 ਈ: ਨੂੰ ਮਾਨਾਂ ਵਾਲੇ ਕੀਤੇ ਗਏ ਹੋਲੇ-ਮਹੱਲੇ ਦਾ 150ਵਾਂ ਵਰ੍ਹਾ ਹੈ। 2019 ਈ: ਦਾ ਹੋਲਾ-ਮਹੱਲਾ ਅਤੇ ਸਤਿਗੁਰੂ ਹਰੀ ਸਿੰਘ ਜੀ ਦਾ ਦੋ ਸੋ ਸਾਲਾ ਪ੍ਰਕਾਸ਼ ਵਰ੍ਹੇ ਦਾ ਹੋਲਾ, ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਵਰ੍ਹਾ। ਇਹ ਇਕ ਦੈਵੀ ਸੰਜੋਗ ਹੀ ਹੈ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ 2019 ਦੇ ਹੋਲੇ-ਮਹੱਲੇ ਸਮੇਂ ਸ਼ਤਾਬਦੀਆਂ ਦੀ ਤ੍ਰਿਵੇਣੀ ਬਣ ਗਈ ਹੈ। ਵੈਸੇ ਵੀ ਨਾਮਧਾਰੀ ਸਮਾਜ ਵਿਚ ਹੋਲੇ-ਮਹੱਲੇ ਨੂੰ ਤ੍ਰਿਵੇਣੀ ਪੁਰਬ ਵਜੋਂ ਮਨਾਇਆ ਜਾਂਦਾ ਹੈ।

ਜਿਵੇਂ ਗੰਗਾ-ਜਮਨਾ -ਸਰਸਵਤੀ ਦੇ ਸੰਗਮ ਨੂੰ ਤ੍ਰਿਵੇਣੀ ਤੀਰਥ ਆਖਦੇ ਹਨ ਇਸੇ ਤਰ੍ਹਾਂ ਨਾਮਧਾਰੀ ਸਮਾਜ ਵਿੱਚ ਹੋਲੇ-ਮਹੱਲੇ ਦੇ ਸਮਾਗਮ ਨਾਲ ਵੀ ਤਿੰਨ ਪੁਰਬ ਜੁੜੇ ਹਨ। ਪਹਿਲਾ ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੇ-ਮਹੱਲੇ ਦਾ ਆਰੰਭ, ਦੂਸਰਾ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਤੀਸਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨਾਮ ਦਾ ਰਸ, ਕੀਰਤਨ ਦਾ ਅਨੰਦ ਅਤੇ ਸੇਵਾ ਦਾ ਸੁਭਾਗ ਹੀ ਤ੍ਰਿਵੇਣੀ ਪੁਰਬ ਹੋਲੇ ਮਹੱਲੇ ਦਾ ਸੂਤਰਧਾਰ ਹੈ।

**- ਹਰਪਾਲ ਸਿੰਘ ਸੇਵਕ**
**ਸ੍ਰੀ ਭੈਣੀ ਸਾਹਿਬ**
**ਸੰਪ: 94176-01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਭਾਈ ਖਾਲਸਾ ਜੀ ਜਲ ਪ੍ਰਸਾਦਿ ਸੁਚ ਸੋਧ ਦਾ ਵਰਤਣਾ। ਸੁਚ ਸੋਧ ਵਾਲੇ ਬਿਨਾ ਕਿਸੇ ਦੇ ਹਥੋ ਨਹੀ ਛਕਣਾ। ਹੋਰੁ ਭਾਈ ਗੁਰੂ ਦਸਵੇ ਪਾਤਸਾਹਿ ਕਾ ਬਚਨ ਹੈ:

'ਜਾਂਕੀ ਰਹਤਿ ਨਾ ਜਾਣੀਐ ਗੁਰੂ ਮੰਤ੍ਰ ਨਹਿ ਰੀਤਿ।
ਤਾਂਕਾ ਭੋਜਨ ਖਾਇ ਕੈ ਬਿਛੁੜੈ ਹਰਿ ਕੀ ਪ੍ਰੀਤ।'

ਇਹੁ ਨਾ ਕਹਿਣਾ ਬੈਠਾ ਕਾਲੇ ਪਾਣੀ ਦੀਆ ਲੀਕਾ ਕਢੀ ਜਾਦਾ ਹੈ। ਮੈ ਭਾਈ ਸਭਨਾ ਦੇ ਭਲੇ ਵਾਸਤੇ ਲਿਖਦਾ ਹਾ, ਤੇ ਭਾਈ ਸਮਾ ਆਇ ਗਇਆ ਹੈ ਗਊਆ ਦਾ ਤੇ ਸਾਧਾ ਦਾ ਕਸਟ ਮੇਟਣ ਦਾ, ਨਿਸਚਾ ਕਰਨਾ, ਪ੍ਰਤੀਤ ਰਖਣੀ। ਸਤਿ ਸਿਰੀ ਅਕਾਲ।

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



**ਅਫ਼ਰੀਕਾ 25-3-1959**
**ਹੋਲਾ ਮਹੱਲਾ, ਕੰਪਾਲਾ, ਯੁਗੰਡਾ**

**ਹੋਲਾ ਮਹੱਲਾ**

ਸਤਿਜੁਗ ਤੋਂ ਲੈ ਕੇ ਇਹ ਤਿਉਹਾਰ ਹੋਲੇ ਦਾ ਸ਼ੁਰੂ ਹੈ। ਗੁਰੂ ਅਰਜਨ ਦੇਵ ਨੇ ਵੀ ਇਹਨੂੰ ਹੋਲੀ ਰੂਪ 'ਚ ਹੀ ਵਰਣਨ ਕੀਤਾ ਹੈ- ਗੁਰੂ ਗੋਬਿੰਦ ਸਿੰਘ ਨੇ ਇਹਨੂੰ ਹੋਲੇ ਦਾ ਨਾਮ ਦਿੱਤਾ ਹੈ- ਕਿਉਂਕਿ ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ, ਉੱਥੇ ਆਉਂਦਾ ਹੈ:-

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ॥

-ਹੋਲਾ ਨਹੀਂ।

ਰੰਗੁ ਲਾਗਾ ਅਤਿ ਲਾਲ ਦੇਵ ॥

-ਬਸੰਤ ਮ:5, ਪੰਨਾ-1180,

ਗੁਰੂ ਅਰਜਨ ਦੇਵ ਤਕ ਇਸਦਾ ਨਾਮ ਹੋਲੀ ਰਿਹਾ। ਗੁਰੂ ਤੇਗ ਬਹਾਦਰ ਤਕ ਵੀ ਇਵੇਂ ਹੀ ਮਨਾਂਗੇ ਹੁਣ, ਕਿਉਂ ਕਿ ਹੋਰ ਕਿਤੋ ਨਹੀਂ ਆਇਆ, ਗੁਰੂ ਗੋਬਿੰਦ ਸਿੰਘ ਨੇ ਇਸਦਾ ਨਾਉਂ ਹੋਲਾ ਰੱਖਿਆ। ਗੁਰੂ ਗੋਬਿੰਦ ਸਿੰਘ ਨੇ ਹੋਲਾ ਕਾਹਦੇ ਵਾਸਤੇ ਬਣਾਇਆ, ਉਹਨੇ ਨਾਲ ਬਣਾਇਆ ਮਹੱਲਾ। ਮਹੱਲਾ ਸ਼ਬਦ ਫਾਰਸੀ ਹੈ-ਮ, ਸਾਥ ਹੱਲੇ ਦੇ। ਨਾਲ ਹੱਲਾ ਕਰਨਾ ਸਿਖਾਇਆ। ਦਿੱਤੀਆਂ ਸਿੱਖਾਂ ਨੂੰ ਬੰਦੂਕਾਂ, ਦਿੱਤੀਆਂ ਤਲਵਾਰਾਂ, ਹੋਲੇ ਦੇ ਦਿਨ ਮਗਰੋਂ ਇੱਕ ਜੰਗ ਬਣਾ ਕੇ ਦੋ ਧੜੇ, ਉਹਨਾਂ ਉੱਤੇ ਹੱਲਾ ਕਰਾਇਆ।

ਉਸਤੋਂ ਬਾਅਦ ਜਿੰਨਾ ਚਿਰ ਸਿੱਖ ਕਾਇਮ ਰਹੇ, ਕਰਦੇ ਰਹੇ। ਜਦੋਂ ਸਿੱਖ ਰਾਜ ਦਾ ਅੰਤ ਹੋਇਆ, ਭੁੱਲ ਗਿਆ। ਉਸੇ ਚੀਜ਼ ਨੂੰ, ਗੁਰੂ ਰਾਮ ਸਿੰਘ, ਸਤਿਗੁਰੂ ਸੱਚੇ ਪਾਤਸ਼ਾਹ ਨੇ ਆ ਕੇ ਮੁੜ ਕੇ ਗੁਰੂ ਗੋਬਿੰਦ ਸਿੰਘ ਦੀ ਮਰਯਾਦਾ ਨੂੰ- ਭਾਵੇਂ ਅਨੰਦਪੁਰ ਲੋਕ ਹੋਲੇ ਤੇ ਜਾਂਦੇ ਸਨ, ਪਰ ਅਨੰਦਪੁਰ ਦੇ ਹੋਲੇ 'ਚ ਲੋਕ ਸ਼ਰਾਬੀ, ਕਬਾਬੀ ਗਾਉਣ ਵਾਲੇ ਜਾਂਦੇ ਸਨ, ਕੀਰਤਨ ਨਹੀਂ ਸੀ ਹੁੰਦਾ- ਇਹ ਮੁੜ ਸਤਿਗੁਰੂ ਰਾਮ ਸਿੰਘ ਨੇ 1923 ਬਿਕ੍ਰਮੀ ਤੋਂ ਸ਼ੁਰੂ ਕੀਤਾ ਹੈ। ਔਰ ਨਾਮਧਾਰੀ ਪੰਥ ਵਿੱਚ 1922 (ਬਿਕ੍ਰਮੀ) ਦਾ ਹੋਲਾ, ਖੋਟਿਆਂ ਵਿੱਚ ਸਤਿਗੁਰੂ ਜੀ ਕੀਤਾ ਜਿਹਨੂੰ 93 ਸਾਲ ਅੱਜ ਹੁੰਦੇ ਹਨ। ਉਸਤੋਂ ਬਾਅਦ ਸਤਿਗੁਰੂ ਰਾਮ ਸਿੰਘ ਦੇ ਵਕਤ ਤੋਂ ਅੱਜ ਤਕ ਨਾਮਧਾਰੀ ਪੰਥ ਵਿੱਚ ਇਸ ਹੋਲੇ ਦੀ ਮਰਯਾਦਾ- ਕਦੇ ਕਿਤੇ, ਕਦੇ ਕਿਤੇ, ਭਾਵੇਂ ਛੋਟੇ ਰੂਪ ਵਿੱਚ ਜੇ ਕਿਤੇ ਗੌਰਮਿੰਟ ਬੰਦ ਕਰਦੀ ਰਹੀ ਤਾਂ ਛੋਟੇ 'ਚ, ਭਾਵੇਂ ਵੱਡੇ 'ਚ ਹੁੰਦੀ ਚਲੀ ਆਈ। ਅੱਜ ਉਸ ਹੋਲੇ ਦਾ ਸੁਭਾਗ, ਅਫ਼ਰੀਕਾ ਨਿਵਾਸੀ ਖਾਸ ਕਰ ਯੁਗੰਡਾ ਨਿਵਾਸੀ, ਔਰ ਯੁਗੰਡੇ ਵਿੱਚ ਕੰਪਾਲਾ ਨਿਵਾਸੀਆਂ ਨੂੰ ਇਹ ਪ੍ਰਾਪਤ ਹੋਇਐ। ਉਸ ਗੁਰੂ ਦਾ ਹੁਕਮ, ਜਿਹੜੀ ਸਤਿਜੁਗ ਤੋਂ ਮਰਯਾਦਾ ਸੀ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਤੋਂ ਹੋਲਾ ਬਣਾਇਐ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਗੁਰਮੁਖਿ ਨਾਮੁ ਜਪੀਐ

ਐਸ ਵੇਲੇ ਸੰਸਾਰ ਤੇ ਬਹੁਤ ਵੱਡੀ ਬਿਪਤਾ ਔਣ ਵਾਲੀ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਵੀ ਰਿਕਾਰਡ ਹੈ ਕਿ ਅੱਗੇ ਚੱਕੀ ਚੱਲੀ ਹੈ, ਹੁਣ ਖਰਾਸ ਚਲਣਾ ਹੈ। ਚੱਕੀ ਦਾ ਅਤੇ ਖਰਾਸ ਦਾ ਤੁਸੀਂ ਵੇਖ ਲਵੋ ਕਿੰਨਾ ਫ਼ਰਕ ਹੈ। (ਨੋਟ: ਆਟਾ ਪੀਹਣ ਵਾਲੀ ਹੱਥ ਵਾਲੀ ਚੱਕੀ ਵਿਚ ਮੁੱਠਾਂ ਭਰ ਕੇ ਦਾਣੇ ਪਾਈਦੇ ਹਨ ਪੀਹਣ ਵਾਸਤੇ ਅਤੇ ਖਰਾਸ ਦੇ ਟਾਪੇ ਵਿਚ ਬੋਰੀ ਇਕਠੀ ਪਾ ਦੇਈਦੀ ਹੈ। ਜਿਸਨੂੰ ਬੈਲਾਂ ਨਾਲ ਜਾਂ ਊਠ ਨਾਲ ਚਲਾਇਆ ਜਾਂਦਾ ਸੀ।) ਬਚਣਗੇ ਉਹ ਜਿਹੜੇ ਨਾਮ ਜਪਣਗੇ, ਜਿਵੇਂ ਕਿੱਲੀ ਮੁੱਢ ਦਾਣੇ ਬਚ ਜਾਂਦੇ ਹਨ। ਇਸ ਆਉਣ ਵਾਲੇ ਭਿਆਨਕ ਸਮੇਂ ਤੋਂ ਰਾਖੀ ਕੋਈ ਫ਼ੌਜ, ਕੋਈ ਪੁਲਿਸ, ਕੋਈ ਹਥਿਆਰ ਨਹੀਂ ਕਰ ਸਕਦੇ, ਬਗੈਰ ਨਾਮ ਤੋਂ ਸਤਿਗੁਰਾਂ ਨੇ ਬਾਣੀ 'ਚ ਨਾਮ, ਦੀ ਬਹੁਤ ਤਾਰੀਫ਼ ਲਿਖੀ ਹੈ -

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

ਇਹ ਵੀ ਸਤਿਗੁਰਾਂ ਨੇ ਲਿਖਿਆ ਹੈ

ਜਾਪ ਤਾਪ ਗਿਆਨ ਸਭਿ ਧਿਆਨ॥

ਕਿੰਨੀਆਂ ਚੀਜ਼ਾਂ ਲਿਖੀਆਂ ਨੇ, ਜਿਨ੍ਹਾਂ ਨੂੰ ਨਾਮ ਤੋਂ ਹੇਠਾਂ ਲਿਖਿਆ ਹੈ -

ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥

ਸਤਿਗੁਰਾਂ ਦੇ ਹੁਕਮ ਅਨੁਸਾਰ ਜੇਹੜਾ ਨਾਮ ਜਪਿਆ ਹੈ। ਇਹ ਸਾਰੇ ਕਰਮ-ਧਰਮ ਇੱਕ ਵਾਰ ਨਾਮ ਜਪਣ ਦੇ ਵੀ ਤੁੱਲ ਨਹੀਂ ਹਨ। ਕਿੰਨੀ ਵਧੀਆ ਚੀਜ਼ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਰਿਕਾਰਡ ਹੈ - ਜੇਹੜਾ ਸਰੀਰ ਤੜਕੇ ਸਵਾ ਪਹਿਰ ਦੇ ਉੱਠ ਕੇ ਇਸ਼ਨਾਨ ਕਰਕੇ ਨਾਮ ਜਪਦਾ ਹੈ। ਉਸਨੂੰ ਸਵਾ ਮਣ ਮੋਤੀ ਦਾਨ ਕੀਤੇ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਤਗੜੇ ਹੋ ਕੇ ਨਾਮ ਜਪੋ।

# ਸਤਿਗੁਰੂ ਬਿਲਾਸ ਵਿੱਚੋਂ

**ਮਾਨਾਂਵਾਲੇ ਸਰਦਾਰ**

ਅਰਦਾਸਾ ਕਰਕੇ ਤੁਰੇ ਅਤੇ ਕਾਲੇ ਖਤਾਈ ਆਏ। ਮਾਨਾਂਵਾਲੇ ਸਰਦਾਰ ਹੀਰਾ ਸਿੰਘ ਕੀਆਂ ਸਾਖੀਆਂ ਦੇਖੀਆਂ ਹੋਈਆਂ ਸੀਆਂ। ਉਸਨੇ ਸਮਝਿਆ ਕਿ ਸਮਾ ਭੀ ਪੁੱਜਾ ਹੋਇਆ ਹੈ, ਏਹ ਠੀਕ ਬਾਰ੍ਹਵਾਂ ਜਾਮਾਂ ਅਵਤਾਰ ਧਾਰਿਆ ਹੈ। ਸੰਕਲਪ ਹੋਇਆ ਕਿ ਦਰਸ਼ਨ ਕੀਤਾ ਚਾਹੀਏ। ਸਰਦਾਰ ਨੇ ਕਾਲੇ ਖਤਾਈ ਆਇ ਦਰਸ਼ਨ ਕੀਤਾ। ਚਰਨਾਂ ਪਰ ਸੀਸ ਧਰਕੇ ਮੱਥਾ ਟੇਕਿਆ।

ਅਰਜ ਕੀਤੀ ਜੀ ਮੇਰੇ ਗ੍ਰਹਿ ਚਰਨ ਪਾਓ। ਬਚਨ ਕੀਤਾ ਕਿ ਤੂੰ ਭਜਨ ਲੈ ਲੇ, ਚਰਨ ਭੀ ਪਾਵਾਂਗੇ। ਜੇ ਅੰਮ੍ਰਿਤ ਛਕ ਲਵੇਂ ਤਾ ਤੇਰੇ ਘਰ ਦਾ ਅੰਨ ਪਾਣੀ ਭੀ ਗ੍ਰਹਿਣ ਕਰਾਂਗੇ।

ਫੇਰ ਉਸਕੇ ਦਿਲ ਮੇਂ ਫੁਰਨਾ ਹੋਇਆ ਕਿ ਜੋ ਅਵਤਾਰ ਹੁੰਦਾ ਹੈ ਉਸ ਕੀ ਵੱਖੀ ਪਰ ਭ੍ਰਿਗੂਲਤਾ ਹੁੰਦੀ ਹੈ। ਮੈਂ ਤਾਂ ਭਜਨ ਲਵਾਂਗਾ ਜਾਂ ਭ੍ਰਿਗੂਲਤਾ ਦੇਖੂੰਗਾ। ਸਰਦਾਰ ਕੇ ਫੁਰਨੇ ਕੋ ਅੰਤਰਯਾਮੀ ਗੁਰੂ ਜੀ ਜਾਣ ਕਰ ਬਚਨ ਕੀਤਾ ਇਸ਼ਨਾਨ ਕਰਾਵੋ। ਝੱਟ ਬਸਤਰ ਉਤਾਰ ਦਿੱਤੇ। ਸਰਦਾਰ ਨੇ ਦੇਖਿਆ ਭ੍ਰਿਗੂਲਤਾ ਕਾ ਚਿੰਨ੍ਹ ਵੱਖੀ ਪਰ ਹੈ। ਤਾਂ ਨਿਸਚਾ ਹੋਇਆ ਕਿ ਏਹ ਬਾਰ੍ਹਵਾਂ ਜਾਮਾ ਹੈ। ਤਤਛਿਨ ਭਜਨ ਲੈ ਲਿਆ। ਮਾਲਾ ਫੇਰਨ ਲੱਗ ਪਿਆ। ਮਨ ਤਨ ਸੇ ਭਜਨ ਕਰਨ ਲਗ ਗਿਆ। ਸ਼ਬਦ ਸੁਣਦੇ ਸਾਰ ਹੀ ਸੰਸੇ ਨਵਿਰਤ ਹੋਇ ਗਏ, ਸ਼ਾਂਤੀ ਪ੍ਰਾਪਤ ਹੋਇ ਗਈ। ਜਾਣਿਆ ਜੋ ਇਹ ਸ਼ਬਦ ਤਾ ਗ੍ਰੰਥ ਸਾਹਿਬ ਦਾ ਹੈ। ਅੰਨ੍ਹੇ ਲੋਕ ਕਲਾਮ ਕਹਿਦੇ ਹੈਂ। ਏਹ ਗੁਰੂ ਬਾਰ੍ਹਵਾਂ ਜਾਮਾ ਜੋਤ ਕਾ ਹੈ। ਖੁਸ਼ੀਆਂ ਲੈ ਕੇ ਘਰ ਆਇਆ।

**ਮਾਨਾਂਵਾਲੇ ਦਰਸ਼ਨ**

ਘਰ ਆਇਕੇ ਸਰਦਾਰ ਹੀਰਾ ਸਿੰਘ ਆਪਨੀ ਸਿੰਘਨੀ ਕੋ ਕੈਹਣ ਲਗਾ ਕਿ ਦੇਖਣ ਮੈ ਅਤੇ ਸੁਣਨ ਮੈ ਬੜਾ ਫ਼ਰਕ ਹੈ। ਅੰਨ੍ਹੇ ਲੋਕ ਸ਼ਬਦ ਕੋ ਕਲਾਮ ਕੈਂਹਦੇ ਹੈਂ। ਏਹ ਤਾਂ ਬਾਰ੍ਹਵਾਂ ਜਾਮਾਂ ਅਵਤਾਰ ਹੈਨ। ਮੈਨੂੰ ਦਰਸ਼ਨ ਕਰਕੇ ਸ਼ਾਂਤੀ ਪ੍ਰਾਪਤ ਹੋਇ ਗਈ ਹੈ। ਬੜੇ ਪ੍ਰਸੰਨ ਹੋਕੇ ਦਸਵੇਂ ਪਾਤਸ਼ਾਹ ਕੀ ਤਰ੍ਹਾਂ ਬਚਨ ਕਰਦੇ ਹੈਨ।

ਸਰਦਾਰ ਦੇ ਘਰ ਆਏ ਸ੍ਰੀ ਸਤਿਗੁਰੂ ਜੀ। ਸਰਦਾਰ ਨੇ ਜਨਾਨੀਆਂ ਕੋ ਆਖਿਆ ਅਰਜ ਨਹੀਂ ਕਰਨੀ ਕਿਸੇ ਤਰ੍ਹਾਂ ਦੀ । ਸਭ ਜਨਾਨੀਆਂ ਨੇ ਦਰਸ਼ਨ ਕੀਤਾ ਸਤਿਗੁਰੂ ਜੀ ਦਾ। ਸਰਦਾਰ ਕੀ ਸੱਸ ਨੇ ਅਰਜ ਕੀਤੀ। ਸਰਦਾਰ ਨਰਾਜ ਹੋਣ ਲੱਗਾ ਕਿ ਤੂੰ ਕਿਓ ਅਰਜ ਕੀਤੀ ਹੈ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਨਾ ਭਾਈ ਕੋਈ ਗੱਲ ਨਹੀਂ । ਕਹੋ ਕੀ ਕੈਂਹਦੀ ਹੈਂ। ਅਰਜ ਕਰੀ ਸੱਚੇ ਪਾਤਸ਼ਾਹ ਮੇਰੇ ਦੋਹਤਾ ਨਹੀਂ ਹੈ ਕੋਈ। ਮੇਰੇ ਨੇਤਰਾਂ ਦੇ ਦੇਖਦੇ ਦੇਖਦੇ ਮੇਰੇ ਦੋਹਤਾ ਹੋ ਜਾਵੇ। ਬਚਨ ਕੀਤਾ ਕਿ ਅਗਲੇ ਸਾਲ ਕੋ ਹੋ ਜਾਏਗਾ।

ਏਕ ਮਾਈ ਉਸਕਾ ਭਜਨ ਲਿਆ ਹੋਇਆ ਸੀ। ਰਸਤੇ ਤੁਰੀ ਜਾਂਦੀ ਛੋਲਿਆਂ ਕਾ ਬੂਟਾ ਪੁੱਟਣੇ ਲਗੀ ਤਾ ਯਾਦ ਆਇਆ ਕਿ ਮੈਨੂੰ ਤਾਂ ਸਤਿਗੁਰੂ ਜੀ ਕਾ ਹੁਕਮ ਸੀ ਕਿ ਚੋਰੀ ਨਾ ਕਰਨੀ । ਭੈ ਕਰਕੇ ਬੂਟਾ ਨਾ ਪੁੱਟਿਆ। ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਸਾਰਾ ਬ੍ਰਿਤਾਂਤ ਸੁਣਾਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਾਂ ਧਰਮ ਵਰਤੇਗਾ ਜਾਂ ਏਹੋ ਜੇਹੇ ਰਿਦੇ ਸਭਕੇ ਹੋਣਗੇ। ਕਿਸੇ ਕੀ ਕੋਈ ਚੀਜ ਕਿਧਰੇ ਪਈ ਰਹੇ ਕੋਈ ਨਹੀਂ ਚੁੱਕੇਗਾ। ਚੋਰੀ ਯਾਰੀ ਦੋਨੋਂ ਹਟ ਜਾਣਗੀਆਂ।

**ਹੋਲਾ ਮਾਨਾਂਵਾਲੇ ਦਾ ਸੰਮਤ 1925 ਬਿ. (ਮਾਰਚ 1869 ਈ.)**

ਮਾਨਾਂਵਾਲੀਏ ਸਰਦਾਰ ਨੇ ਆਇ ਅਰਜ ਕੀਤੀ ਸੱਚੇ ਪਾਤਸ਼ਾਹ ਜੀ ਹੋਲਾ ਮਾਨਾਂਵਾਲੇ ਕਰੋ। ਮੇਰਾ ਗ੍ਰਹਿ ਪਵਿਤ੍ਰ ਕਰੋ। ਸਾਰੀ ਸੰਗਤ ਮੈ ਖ਼ਬਰਾਂ ਹੋਈਆਂ ਕਿ ਹੋਲਾ ਮਾਨਾਂਵਾਲੇ ਹੋਵੇਗਾ। ਸੁਣ ਸੁਣ ਕੇ ਸਿੰਘ ਚੁਫੇਰਿਓਂ ਆਏ ਮਾਨੋ ਭਾਦਰੋਂ ਕੇ ਬਾਦਲ ਦੀ ਤਰਾਂ ਫੌਜਾਂ ਆ ਰਹੀਆਂ ਹੈ। ਸ੍ਰੀ ਸਤਿਗੁਰੂ ਜੀ ਆਇ ਬਾਗ ਮੇਂ ਉੱਤਰੇ।

**ਅੰਮ੍ਰਿਤ ਬਰਸਦਾ ਰਿਹਾ**

ਸਤਿਗੁਰੂ ਜੀ ਇਕੰਤ ਜਾਇਕੇ ਨਿਤਨੇਮ ਕਰਕੇ ਸੁਰਖੀ ਘੋੜੀ ਪਰ ਚੜ੍ਹ ਆਏ। ਦੀਵਾਨ ਮੈਂ ਗੁਰੂ ਜੀ ਬੈਠੇ ਮਾਨੋਂ ਸੂਰਜ

ਕੋ ਪਰਵਾਰ ਲੱਗਾ ਹੈ। ਰਾਗ ਕਰਦੇ ਹੈਂ ਰਾਗੀ, ਮਾਨੋਂ ਇੰਦਰ ਸਭਾ ਭੀ ਜਿਆਵਾਨ ਹੁੰਦੀ ਹੈ। ਪਿਰਥੀ ਦਰਸ਼ਨ ਦੇ ਵਾਸਤੇ ਆਈ। ਸੂਤਰੀ ਸਿੰਘ ਸੂਤਰ ਕਢਦੇ ਹੈ। ਦੇਖਕੇ ਚੁਰਾਸੀ ਕੇ ਲੋਕਾਂ ਕੇ ਨੇਤਰ ਹਟਦੇ ਨਹੀਂ। ਮੋਹਣੀ ਮੂਰਤ ਦਾ ਦਰਸ਼ਨ ਕਰਕੇ ਕੈਂਹਦੇ ਹੈ ਧੰਨ ਗੁਰੂ ਜੀ ਹੈ ਜਿਨ੍ਹਾਂ ਇਹ ਪੰਥ ਸਾਜਿਆ ਹੈ। ਦਰਸ਼ਨ ਕਰਕੇ ਸ਼ਾਂਤ ਆਉਂਦੀ ਹੈ। ਮਨ ਕੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਨ।ਦਰਸ਼ਨ ਕਰਕੇ ਨਾਮ ਚਿਤ ਆਉਂਦਾ ਹੈ ਪਰਮੇਸ਼ਰ ਜੀ ਕਾ। ਬਿਰਤੀ ਇਕਾਗਰ ਹੋਇ ਜਾਂਦੀ ਹੈ। ਪਰਮ ਅਨੰਦ ਕਾ ਜੋ ਸੁਖ ਹੈ ਸੋ ਸੁਖ ਪ੍ਰਾਪਤ ਹੁੰਦਾ ਹੈ। ਕੈਂਹਦੇ ਹੈਂ ਖ਼ਵਰੇ ਕੀ ਸੁਣਾਇ ਦੇਂਦਾ ਹੈ ? ਸੁਣਦੇ ਸਾਰ ਹੀ ਝੱਟ ਮਸਤ ਹੋਇਕੇ ਖੇਡਦੇ ਹੈਂ। ਸੁਧ ਬੁਧ ਭੁਲ ਜਾਂਦੀ ਹੈ। ਸੋਦਰ ਪੜਿਆ, ਅਰਦਾਸਾ ਕੀਤਾ, ਜੈਕਾਰਾ ਗਜਾਇਆ ਖ਼ਾਲਸੇ ਨੇ। ਰਾਤ ਨੂੰ ਸ਼ਬਦ ਪੜੇ ਜੋਟੀਆਂ ਕੇ ਢੋਲਕੀ ਨਾਲ ਮਾਨੋਂ ਅੰਮ੍ਰਿਤ ਬਰਸਦਾ ਰਿਹਾ ਨਾਮ ਕਾ।

ਸਵਾ ਪਹਿਰ ਰਾਤ ਸੇ ਇਸ਼ਨਾਨ ਕੀਤਾ। ਆਸਾ ਦੀ ਵਾਰ ਲੱਗੀ। ਅਰਦਾਸਾ ਕੀਤਾ, ਨਿਤਨੇਮ ਕੀ ਬਾਣੀ ਪੜੀ। ਮਹੱਲੇ ਚਨੇ ਲਗੇ। ਅਲਤਾ' ਭੀ ਦੀਵਾਨ ਮੈ ਉਡਾਇਆ ਮਾਨੋਂ ਲਾਲੋ-ਈ-ਲਾਲ ਦਿਸਦੀ ਹੈ। ਮਾਨਾਵਾਲੀਏ ਸਰਦਾਰ ਨੇ ਕੇਸਰੀ ਪੁਸ਼ਾਕ ਪਹਿਰਾਈ ਸਤਿਗੁਰੂ ਜੀ ਕੋ । ਅਗਲੀ ਤਹਿ ਕਰਕੇ ਰੱਖੀ। ਮੱਥਾ ਟੇਕਦੇ ਹੈਂ ਹਮੇਸ਼ਾਂ ਹੀ। ਏਕ ਸਰਦਾਰ ਨੇ ਹਾਥੀ ਆਂਦਾ । ਤਿਸ ਪਰ ਸ੍ਰੀ ਸਤਿਗੁਰੂ ਜੀ ਸਹਿਤ ਸੂਬਿਆਂ ਦੇ ਬੈਠੇ। ਆਗੇ ਚਲੇ। ਪਾਛੇ ਸਭ ਸਿੰਘ ਹੋਲਾ ਮਹੱਲਾ ਖੇਡਣ ਚੱਲੇ ਹੈ। ਬੜੀ ਧੂਮਧਾਮ ਸੇ ਚੜੇ, ਲਾਰੇ ਕਾ ਲਾਰਾ।

**ਲੜਕਾ ਜਿਉਂਦਾ ਕੀਤਾ–** ਏਕ ਲੜਕਾ ਘੁਮਿਆਰ ਕਾ ਗਿਆਨ ਸਿੰਘ ਕੇ ਘੋੜੇ ਦੀ ਫੇਟ ਲਗਣੇ ਸੇ ਮਰ ਗਿਆ। ਰੌਲਾ ਪੈ ਗਿਆ । ਸਿੰਘਾਂ ਨੇ ਮਗਰੋਂ ਖ਼ਬਰ ਦਿੱਤੀ ਜੀ ਗਿਆਨ ਸਿੰਘ ਕੇ ਘੋੜੇ ਦੀ ਫੇਟ ਲਗਣੇ ਸੇ ਏਕ ਘੁਮਿਆਰ ਕਾ ਲੜਕਾ ਮਰ ਗਿਆ ਹੈ। ਪੁਲਿਸ ਕਹਿਣੇ ਲਗੀ ਮੁੰਡਾ ਕੂਕਿਆਂ ਨੇ ਮਾਰਿਆ ਹੈ। ਜੈਸੇ ਖੁਸ਼ੀ ਸੇ ਚੜੇ ਤੈਸੇ ਗਮੀਂ ਪੈਦਾ ਹੋਇ ਗਈ। ਸਿੰਘਾਂ ਨੇ ਅਰਜ ਕੀਤੀ ਸੱਚੇ ਪਾਤਸ਼ਾਹ ਜੀ ਆਪ ਹੀ ਰੱਛਿਆ ਕਰੋਗੇ ਤਾਂ ਠੰਢ ਪਵੇਗੀ ਨਹੀਂ ਤੇ ਕੋਈ ਗੱਲ ਠੀਕ ਨਹੀਂ ਹੈ। ਜੈਸੇ ਦਰੋਪਦੀ ਕੀ ਲਾਜ ਰੱਖੀ ਸੀ, ਜੈਸੇ ਗਜ ਗਾੜ੍ਹ ਤੇ ਛੁਡਾਇਆ ਸੀ ਤਿਸੀ ਤਰ੍ਹਾਂ ਰੱਛਿਆ ਕਰੋ।

ਇਤਨੀ ਸੁਣਕੇ ਹਾਥੀ ਝੱਟ ਮੋੜਿਆ। ਜਿਸ ਜਗਾ ਲੜਕਾ ਪਿਆ ਸੀ, ਉਥੇ ਆਏ।ਉੱਤਰ ਕੇ ਉਸ ਮ੍ਰਿਤ ਲੜਕੇ ਨੂੰ ਹੱਥਾਂ ਉੱਤੇ ਚੁਕਕੇ ਬਚਨ ਕੀਤਾ ਲੜਕੇ ਕੋ ਮੂਰਛਾ ਆਈ ਹੋਈ ਹੈ।ਉੱਤੇ ਚਾਦਰ ਪਵਾਈ। ਜਾਂ ਹੱਥ ਧਰੇ ਨੂੰ ਛਿਨ ਭਰ ਗੁਜਰਿਆ ਤਾਂ ਅੰਗੂਠਾ ਹਿਲਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖੋ ਅੰਗੂੰਠਾ ਹਿੱਲਿਆ ਹੈ, ਲੜਕਾ ਜਿਊਂਦਾ ਹੈ। ਏਕ ਘੜੀ ਪਿੱਛੇ ਲੜਕਾ ਉਠ ਬੈਠਾ। ਰਾਤ ਤੋੜੀ ਤੁਰਕੇ ਘਰ ਜਾਇ ਰਿਹਾ। ਦੂਜੇ ਪਿੰਡ ਸੋਹਲ ਕਾ ਸੀ। ਜ਼ਾਹਰ ਕਲਾ ਦੇਖਕੇ ਲੋਕ ਕਹਿੰਦੇ ਹੈਂ ਸਰਦਾਰ ਜੋ ਕਹਿੰਦਾ ਹੈ ਕਿ ਪੂਰਨ ਗੁਰੂ ਅਵਤਾਰ ਹੈਂ, ਸੋ ਠੀਕ ਹੈ। ਮੁਰਦੇ ਮੇਂ ਸਵਾਸ ਪਾਏ ਹੈਨ। ਧੰਨ ਗੁਰੂ ਧੰਨ ਗੁਰੂ ਹੋਇ ਰਹੀ ਹੈ। ਚਾਰੋਂ ਬਰਨ ਅਰ ਖ਼ਾਲਸਾ ਉਸਤਤ ਕਰ ਰਹੇ ਹੈਂ। ਖੁਸ਼ੀਆਂ ਖ਼ਾਲਸੇ ਨੂੰ ਚੜੀਆਂ ਹੋਈਆਂ ਹੈ। ਜੈਕਾਰੇ ਗਜਾਉਂਦੇ ਹੈਂ। ਸਰਬ ਦੁਨੀਆਂ ਦੇ ਦਿਲ ਨਰਮ ਹੋਏ। ਕਈਆਂ ਨੇ ਭਜਨ ਲੈ ਲਿਆ ਜਿਨ੍ਹਾਂ ਕੇ ਮਸਤਕ ਮੈ ਲਿਖਾ ਸੀ।

ਹੀਰਾ ਸਿੰਘ ਸਰਦਾਰ ਦਾ ਨਿਸਚਾ ਭੀ ਹੋਰ ਪਰਪੱਕ ਹੋਇਆ ਕਿ ਦਸਵੇਂ ਪਾਤਸ਼ਾਹ ਜੀ ਕੇ ਜੋ ਬਚਨ ਹੈਂ ਸੋ ਪੂਰੇ ਹੋਣ ਲਗੇ ਹੈ 'ਰਾਮ ਸਿੰਘ ਉਚ ਨੀਚਨ ਡਰੈ, ਅਵਨੀ ਏਕ ਰਸੋਦੀ ਕਰੈ।' ਰਿਲਪੁਰ ਬੀਚ ਬਾਢੀ ਸੁਤ ਹੋਈ, ਬਲੂਆ ਰਾਜ ਕਰੈਗਾ ਸੋਈ।" ਏਹ ਬਚਨ ਸਿੰਘਾਂ ਨੂੰ ਯਾਦ ਐਂਦੇ ਹੈਂ ਜੇੜੇ ਦਸਵੇਂ ਪਾਤਸ਼ਾਹ ਨੇ ਲਿਖੇ ਹਨ ਸਾਖੀਆਂ ਮੈ॥ ਘਟ ਘਟ ਮੈ ਉਸਤਤ ਹੋਇ ਰਹੀ ਹੈ। ਕੈਂਹਦੇ ਹੈ ਧੰਨ ਗੁਰੂ ਜੀ ਹੈਨ ਸਰਬ ਦੀ ਲਾਜ ਰੱਖੀ ਹੈ। ਖ਼ਾਲਸੇ ਕੋ ਲਾਲੀਆਂ ਚੜ੍ਹੀਆਂ। ਜੇੜੀ ਗ਼ਮੀ ਸੀ ਸੋ ਦੂਰ ਹੋਈ। ਜੈਸੇ ਗੁਰੂ ਨਾਨਕ ਜੀ ਮੁਰਦਾ ਜਿਵਾਇਆ ਸੀ, ਜੈਸੇ ਨਾਮਦੇਵ ਜੀ ਗਊ ਜਿਵਾਈ ਸੀ, ਤਿਸੀ ਤਰ੍ਹਾਂ ਰੱਛਿਆ ਕੀਤੀ ਹੈ। ਨੂੰ

ਗਦ ਗਦ ਹੋਇਕੇ ਹੋਲਾ ਮਹੱਲਾ ਖੇਡਿਆ ਬੜੀ ਖੁਸ਼ੀ ਹੋਈ। ਗੁਲਾਲ ਬਹੁਤ ਉਡਾਇਆ। ਸਰਬ ਲਾਲੋ ਲਾਲ ਈ ਦਿਸ ਰਹੀ ਹੈ। ਜੈਸੇ ਲਾਲ ਜੋਤ ਦਮਕਦੀ ਹੈ ਤਿਸੀ ਤਰ੍ਹਾਂ ਸਰਬ ਸਿੰਘਾਂ ਪਰ ਲਾਲੀ ਸੋਭਾ ਪਾਇ ਰਹੀ ਹੈ ਮਾਨੋਂ ਲੰਕਾ ਵਾਲਾ ਦਲ ਮਿਲਕੇ ਖੇਡਦੇ ਹੈ। ਸੂਰਜ ਅਸਤ ਹੋਇਆ, ਚੰਦ੍ਰਮਾ ਪਰਗਟ ਹੋਇਆ। ਸਾਰੀ ਰਾਤ ਸ਼ਬਦ ਢੋਲਕੀ ਕਾ ਹੋਇਆ।

ਅੰਮ੍ਰਿਤ ਕੀ ਵਰਖਾ ਹੋਈ। ਬੇਸ਼ੁਮਾਰ ਸਿੰਘ ਇਕੱਠੇ ਹੋਏ ਹੋਏ ਸੇ। ਰਾਤ ਕੋ ਉਸ ਬਿਮਾਰ ਲੜਕੇ ਕੇ ਬਦਲੇ ਏਕ ਬ੍ਰਹਮਾ ਸਿੰਘ ਜਗਰਾਵਾਂ ਚੜਾਈ ਕਰ ਗਿਆ। ਸਵਾ ਪਹਿਰ ਰਾਤ ਸੇ ਆਸਾ ਕੀ ਵਾਰ ਲਗੀ। ਇਸ਼ਨਾਨ ਕਰਕੇ ਸਿੰਘ ਸ਼ਬਦ ਸੁਣਦੇ ਹੈਂ। ਅਰਦਾਸਾ ਕੀਤਾ। ਸਿੰਘ ਕਾ ਸਸਕਾਰ ਕੀਤਾ।

# ਹੋਲੀ ਤੋਂ ਹੋਲੇ ਤੱਕ

✍- ਨਿਸ਼ਾਨ ਸਿੰਘ ਕਥਾਵਾਚਕ

ਖਾਲਸੇ ਦਾ ਗੌਰਵਮਈ ਇਤਿਹਾਸਕ ਦਿਹਾੜਾ ਹੋਲਾ ਮਹੱਲਾ ਜਿੱਥੇ ਖਾਲਸਈ ਜਾਹੋ ਜਲਾਲ ਦਾ ਪ੍ਰਤੀਕ ਹੈ, ਉੱਥੇ ਇਹ ਬੇ-ਗੈਰਤਾਂ ਨੂੰ ਗੈਰਤ ਦਾ ਸ਼ਬਦ ਪੜ੍ਹਾਉਣ ਵਾਲਾ ਹੈ। ਇਹ ਤਿਉਹਾਰ ਧਰਮ ਦੀ ਅਧਰਮ ਉੱਪਰ ਜਿੱਤ ਦੇ ਪ੍ਰਤੀਕ ਵੱਜੋਂ ਮਨਾਇਆ ਜਾਂਦਾ ਹੈ॥ ਦਵੈਤ ਬੁੱਧੀ ਨੂੰ ਪਰ੍ਹੇ ਹਟਾ ਕੇ ਮਨ ਨੂੰ ਹਰੀ ਦੇ ਰੰਗ ਵਿਚ ਰੰਗਣ ਦੀ ਪ੍ਰੇਰਣਾ ਲੈ ਇਸ ਰੰਗਲੇ ਤਿਉਹਾਰ ਦਾ ਪਿਛੋਕੜ ਸਤਿਜੁਗ ਵਿਚ ਭਗਤ ਪ੍ਰਹਲਾਦ ਦੀ ਰੱਖਿਆ, ਹਰਣਾਖਸ਼ ਦਾ ਬੱਧ ਅਤੇ ਹੋਲਿਕਾ ਦਹਨ ਨਾਲ ਜੁੜਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਦੇ ਰੂਪ ਵਿੱਚ ਵਿਕਸਿਤ ਕੀਤਾ। ਹੋਲੀ ਪੁਰਵ ਦਾ ਇਤਿਹਾਸ ਵਿਸ਼ਨੂੰ ਪੁਰਾਣ ਵਿੱਚ ਅਤੇ ਭੱਵਿਖਤ ਪੁਰਾਣ ਆਦਿ ਵਿਚ ਮਿਲਦਾ ਹੈ।

ਕਥਾ ਸਾਰ ਇਸ ਪਰਕਾਰ ਹੈ:-

ਸਤਿਜੁਗ ਦੀ ਵਾਰਤਾ ਹੈ ਕਿ ਬ੍ਰਹਮਾ ਜੀ ਦੇ ਮਾਨਸ ਪੁਤ੍ਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਜਿੰਨਾਂ ਦੀ ਸਰੀਰਕ ਅਵਸਥਾ ਸਦਾ ਪੰਜ ਸਾਲ ਦੇ ਬਾਲਕ ਵਰਗੀ ਰਹਿੰਦੀ ਹੈ। ਭਗਵਾਨ ਵਿਸ਼ਨੂੰ ਜੀ ਦਾ ਦਰਸ਼ਨ ਕਰਨ ਲਈ ਬੈਕੁੰਠ ਲੋਕ ਵਿਚ ਗਏ। ਉਹ ਦਰਬਾਰ ਵਿਚ ਦਾਖਲ ਹੋਣਾ ਚਾਹੁੰਦੇ ਸਨ ਕਿ ਜੈ ਅਤੇ ਬਿਜੈ ਕੁਮਾਰ ਦੇ ਦੋ ਦੁਆਰਪਾਲਾਂ ਨੇ ਬੱਚੇ ਸਮਝ ਕੇ ਅੰਦਰ ਜਾਣ ਤੋਂ ਰੋਕ ਦਿੱਤਾ।ਸਨਕਾਦਿਕ ਦੇ ਮਨ ਵਿਚ ਇਸ ਗਲ ਦਾ ਭਾਰੀ ਰੋਸ ਆਇਆ ਅਤੇ ਦੁਹਾਂ ਦੁਆਰਪਾਲਾਂ ਨੂੰ ਇਹ ਸਰਾਪ ਦੇ ਦਿੱਤਾ ਕਿ ਉਹ ਤਮੋ ਗੁਣੀ ਸੁਭਾਅ ਦੇ ਕਾਰਨ ਭਗਵਾਨ ਦੇ ਦਰ ਤੇ ਇਹ ਸੇਵਾ ਨਿਭਾਉਣ ਦੇ ਜੋਗ ਨਹੀਂ। ਇਸ ਲਈ ਉਹਨਾਂ ਨੂੰ ਰਾਖਸ਼ ਜੂਨ ਮਿਲੇਗੀ। ਉਹਨਾਂ ਨੂੰ ਇਹ ਵਿਛੋੜਾ ਤਿੰਨ ਜਨਮਾਂ ਤੱਕ ਭੋਗਣਾ ਪਵੇਗਾ।

ਇਸ ਸਰਾਪ ਕਾਰਨ ਇਹਨਾਂ ਦੋਹਾਂ ਨੇ ਪਹਿਲਾ ਜਨਮ ਕਛੱਪ ਰਿਸ਼ੀ ਦੇ ਘਰ ਦਿੱਤੀ ਦੇ ਪੇਟੋਂ ਧਾਰਨ ਕੀਤਾ। ਇਹਨਾਂ ਦੇ ਨਾਮ ਹਰਿਣਾਖਸ਼ ਅਤੇ ਹਿਰਣ ਕਸ਼ਯਪ ਹੋਏ। ਹਿਰਣ ਕਸ਼ਯਪ ਨੂੰ ਭਗਵਾਨ ਵਿਸ਼ਨੂੰ ਨੇ ਬਰਾਹ ਅਵਤਾਰ ਧਾਰਨ ਕਰਕੇ ਮਾਰ ਦਿੱਤਾ ਤੇ ਭਰਾ ਦੀ ਮੌਤ ਸੁਣ ਕੇ ਹਰਿਣਾਖਸ਼ ਦੇ ਦਿਲ ਵਿਚ ਬਦਲੇ ਦੀ ਅੱਗ ਭੜਕ ਉਠੀ। ਦਿਨ ਰਾਤ ਵਿਸ਼ਨੂੰ ਜੀ ਪ੍ਰਤੀ ਵੈਰ-ਭਾਵਨਾ ਇਸ ਦੇ ਮਨ ਵਿਚ ਘੁੰਮਣ ਲੱਗੀ। ਇਹਨਾਂ ਦਿਨਾਂ ਵਿਚ ਹਰਿਣਾਖਸ਼ ਦੀ ਪਤਨੀ ਕਿਆਧੂ ਦੀ ਕੁੱਖ ਵਿਚ ਇਕ ਬਾਲ ਪ੍ਰਵੇਸ਼ ਹੋਇਆ। ਬੱਚਾ ਨਿਮਨ ਵੇਲੇ ਵੀ ਹਰਿਣਾਖਸ਼ ਦੇ ਮਨ ਵਿਚ ਵਿਸ਼ਨੂੰ ਮੂਰਤੀ ਹੀ ਘੁੰਮ ਰਹੀ ਸੀ। ਜਿਸ ਕਰਕੇ ਉਹ ਬੱਚਾ ਅਗੇ ਜਾ ਕੇ ਪਰਮੇਸ਼ਰ ਦਾ ਵੱਡਾ ਭਗਤ ਪ੍ਰਹਿਲਾਦ ਅਖਵਾਇਆ। ਸ੍ਰੀ ਦਸਮੇਸ਼ ਜੀ ਫੁਰਮਾਉਂਦੇ ਹਨ-

ਇਕ ਦਯੋਸ ਗਯੋ ਨਿਜ ਨਾਰਿ ਤੀਰ॥
ਸਜਿ ਸੁੱਧ ਸਾਜ ਨਿਜ ਅੰਗਿਬੀਰ॥
ਕਹਿ ਭਾਤਿ ਸਤ੍ਰ ਮੋ ਭਯੋ ਨਿਰੁਕਤ ॥
ਤਬ ਭਯੋ ਦੁਸ਼ਟ ਕੋ ਬੀਰਜ ਮੁਕਤ॥

ਹਰਿਣਾਖਸ਼ ਜੋ ਭਗਵਾਨ ਵਿਸ਼ਨੂੰ ਪ੍ਰਤੀ ਆਪਣੇ ਮਨ ਵਿਚ ਵੈਰ ਦੀ ਭਾਵਨਾ ਪਾਲੀ ਬੈਠਾ ਸੀ, ਨੇ ਆਪਣੀ ਤਾਕਤ ਵਧਾਉਣ ਲਈ ਘੋਰ ਤਪੱਸਿਆ ਕਰਨ ਦਾ ਮਨ ਬਣਾ ਲਿਆ। ਦੈਸਿਰ, ਸੰਬਰ, ਨਮੁਚੀ, ਤੀਨ ਨੈਨ, ਇਲਵਲ, ਸਕੁਨੀ ਪਲੋਵਲ ਅਤੇ ਬਿਪਰਚਿਤ ਆਦਿਕ ਨਾਮੀ ਦੈਂਤ ਸੂਰਮਿਆਂ ਨੂੰ ਸਾਧੂਆਂ ਰਿਸ਼ੀਆਂ ਅਤੇ ਬ੍ਰਾਹਮਣਾਂ ਉੱਤੇ ਜ਼ੁਲਮ ਕਰਨ ਦਾ ਹੁਕਮ ਦੇ ਕੇ ਆਪ ਤਪ ਕਰਨ ਲਈ ਮੰਦ੍ਰਾਚਲ ਪਰਬਤ ਪਰ ਜਾ ਪਹੁੰਚਿਆ ਅਤੇ ਤਪੱਸਿਆ ਵਿਚ ਲੀਨ ਹੋ ਗਿਆ। ਇਧਰ ਇੰਦ੍ਰ ਨੇ ਹਰਿਣਾਖਸ਼ ਨੂੰ ਤਪੱਸਿਆ ਵਿਚ ਲੀਨ ਵੇਖ ਕੇ ਦੈਂਤਾਂ ਉਪਰ ਚੜ੍ਹਾਈ ਕਰ ਦਿੱਤੀ। ਦੇਵਤਿਆਂ ਦੇ ਭਜਾਏ ਹੋਏ ਦੈਂਤ ਰਸਾਤਲ ਵਿਚ ਜਾ ਲੁਕੇ। ਦੇਵ ਰਾਜ ਇੰਦ੍ਰ ਹਰਨਾਖਸ਼ ਦੀ ਘਰ ਵਾਲੀ ਗਰਭਵਤੀ ਕਿਆਧੂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਜਦੋਂ ਉਸ ਨੂੰ ਇੰਦ੍ਰ ਵੱਲੋਂ ਅਮਰਪੁਰੀ ਨੂੰ ਲਿਜਾਇਆ ਜਾ ਰਿਹਾ ਸੀ ਤੇ ਰਸਤੇ ਵਿਚ ਦੇਵ ਰਿਸ਼ੀ ਨਾਰਦ ਜੀ ਮਿਲ ਗਏ। ਨਾਰਦ ਜੀ ਨੇ ਇੰਦ੍ਰ ਜੀ ਨੂੰ ਸੰਬੋਧਿਤ ਕਰਕੇ ਆਖਿਆ, "ਹੇ ਦੇਵਰਾਜ ਦੇਵੀ ਨੂੰ ਕਿੱਧਰ ਲਿਜਾ ਰਹੇ ਹੋ"?

"ਇਸ ਦੇ ਗਰਭ ਵਿਚ ਹਰਨਾਖਸ਼ ਦੀ ਅੰਸ਼ ਹੈ, ਉਸ ਨੂੰ ਮਾਰ ਕੇ ਮੈਂ ਇਸ ਨੂੰ ਅਜ਼ਾਦ ਕਰ ਦੇਵਾਂਗਾ"। ਇੰਦ੍ਰ ਦਾ ਉੱਤਰ ਸੀ।

ਨਾਰਦ ਜੀ ਬਚਨ ਕੀਤਾ, "ਹੇ ਇੰਦ੍ਰ, ਇਸ ਦੇ ਉੱਦਰ ਵਿਚ ਬਹੁਤ ਵੱਡਾ ਪ੍ਰਭੂ ਭਗਤ ਹੈ, ਜਿਸਨੂੰ ਮਾਰਨਾ ਤੇਰੇ ਵੱਸ ਦੀ ਗੱਲ ਨਹੀਂ ਹੈ, ਇਸ ਲਈ ਇਸ ਨੂੰ ਛੱਡ ਦੇ।"

ਨਾਰਦ ਜੀ ਦਾ ਉਪਦੇਸ਼ ਮੰਨ ਕੇ ਇੰਦ੍ਰ ਨੇ ਕਿਆਧੂ ਨੂੰ ਰਿਹਾ ਕਰ ਦਿੱਤਾ। ਨਾਰਦ ਜੀ ਕਿਆਧੂ ਨੂੰ ਆਪਣੇ ਆਸ਼ਰਮ ਵਿਚ ਵਿਚ ਲੈ ਗਏ ਅਤੇ ਬਚਨ ਕੀਤਾ, ਹੇ ਪੁਤ੍ਰੀ ਜਿੰਨਾਂ ਚਿਰ ਤੇਰਾ ਪਤੀ ਵਾਪਿਸ ਨਾ ਆ ਜਾਵੇ, ਉਨਾਂ ਚਿਰ ਤੂੰ ਇਥੇ ਹੀ ਸੁਖ-ਪੂਰਵਕ ਰਹੋ"।

ਹੁਣ ਨਾਰਦ ਜੀ ਗਰਭ-ਸਥਿਤ ਬਾਲਕ ਨੂੰ ਨਿਸ਼ਾਨਾ ਮਿਥ ਕੇ ਕਿਆਧੂ ਨੂੰ ਤੱਤ ਗਿਆਨ ਦਾ ਉਪਦੇਸ਼ ਦੇਣ ਲਗੇ। ਸਮੇਂ ਅਨੁਸਾਰ ਕਿਆਧੂ ਦੀ ਕੁੱਖ ਤੋਂ ਬਾਲਕ ਪ੍ਰਹਿਲਾਦ ਦਾ ਅਵਤਾਰ ਹੋਇਆ।

ਦੂਜੇ ਪਾਸੇ ਹਉਮੈ ਅਤੇ ਦ੍ਵੈਤ ਭਾਵਨਾ ਨਾਲ ਹਰਿਣਾਖਸ਼ ਵੱਲੋਂ ਕੀਤੀ ਜਾ ਰਹੀ ਉੱਗ੍ਰ ਤਪੱਸਿਆ ਕਰਕੇ ਤ੍ਰਿਲੋਕੀ ਤਿਲ ਮਿਲਾ ਉਠੀ। ਲੋਕਾਈ ਦੀਆਂ ਪ੍ਰਾਥਨਾਵਾਂ ਸੁਣ ਕੇ ਬ੍ਰਹਮਾ ਜੀ ਮੰਦਰਾਚਲ ਪਰਬਤ ਉਪਰ ਪਹੁੰਚ ਗਏ। ਉਥੇ ਜਾ ਕੇ ਬ੍ਰਹਮਾਂ ਜੀ ਨੇ ਜੋ ਵੇਖਿਆ ਉਸ ਦਾ ਵਰਨਣ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ:-

ਸੋ ਤਿਹ ਤਾਂ ਨਹਿ ਦੇਤਿ ਦਿਖਾਈ ॥
ਤ੍ਰਿਣ ਤਰੁ, ਲਤਾ ਦੇਹਿ ਸਭਿ ਛਾਈ॥
ਭੇਦਿ ਸਰੀਰ ਕੁਸ਼ਾ ਕੋ ਬਜੂਹਾ॥
ਬੇਨ ਬ੍ਰਿਛ ਕੇ ਖਰੇ ਸਮੂਹਾ॥
ਬਾਂਬੀ ਜਿਹ ਕੇ ਤਨ ਚਹੁੰ ਓਰੇ।
ਅਸਥਿ ਮਾਤ੍ਰ ਰਹਿੰਗੇ ਤਹਿਂ ਜੋਰੇ॥
ਤੁਚਾ ਮੇਦ ਸ੍ਰੋਣਤ ਪੁਨਿ ਮਾਸੂ॥
ਭਖਿਗੀ ਸਭਿ ਪਪੀਲਕਾ ਤਾਸੂ॥
ਯੌਂ ਬਾਂਬੀ ਤ੍ਰਿਨ ਮਾਹਿ ਪ੍ਰਕਾਸ਼ੇ ॥
ਮਨਹੁ ਮੇਘ ਮੈਂ ਦਿਨਕਰ ਭਾਸੇ॥

ਭਾਵ ਉਹ (ਹਰਿਣਾਖਸ਼) ਉਥੇ ਦਿਖਾਈ ਨਹੀਂ ਸੀ ਦਿੰਦਾ। ਉਸਦੇ ਸਰੀਰ ਦੁਆਲੇ ਵਰਮੀ ਬਣ ਚੁੱਕੀ ਸੀ। ਚਾਰ ਚੁਫੇਰੇ ਘਾਹ, ਰੁੱਖਾਂ ਅਤੇ ਵੇਲਾਂ ਨੇ ਵਰਮੀ ਨੂੰ ਵੀ ਢੱਕਿਆ ਹੋਇਆ ਸੀ, ਦੱਭ ਉਸਦੇ ਸਰੀਰ ਵਿਚੋਂ ਆਰ-ਪਾਰ ਲੰਘੀ ਹੋਈ ਸੀ ਉਸ ਦੇ ਸਰੀਰ ਦਾ ਮਾਸ ਚਰਬੀ ਅਤੇ ਚਮੜੀ ਨੂੰ ਕੀੜੀਆਂ ਖਾ ਗਈਆਂ ਸੀ ਅਤੇ ਕੇਵਲ ਹੱਡੀਆਂ ਅਤੇ ਪ੍ਰਾਣ ਹੀ ਬਚੇ ਸਨ। ਬ੍ਰਹਮਾ ਜੀ ਨੇ ਆਪਣੇ ਕਰ ਮੰਡਲ ਦਾ ਜਲ ਉਸ ਉਤੇ ਛਿੜਕਿਆ ਤਾਂ ਉਸ ਵਰਮੀ ਵਿਚੋਂ ਹਰਨਾਖਸ਼ ਦਾ ਸਰੀਰ ਆਪਣੇ ਅਸਲੀ ਸਰੂਪ ਵਿਚ ਨਿਕਲ ਆਇਆ। ਬ੍ਰਹਮਾ ਜੀ ਨੇ ਉਸ ਨੂੰ ਮਨ ਚਾਹਿਆ ਵਰ ਮੰਗਣ ਲਈ ਆਖਿਆ। ਇਹ ਸੁਣ ਕੇ ਹਰਿਣਾਖਸ਼ ਬੋਲਿਆ, ਜੈ ਜਗਤ ਕਰਤਾ ਜੀਉ ! ਜੇਕਰ ਤੁਸੀਂ ਮੇਰੇ ਤੇ ਪ੍ਰਸੰਨ ਹੋ ਕੇ ਮੈਨੂੰ ਮਨ ਇੱਛਤ ਵਰ ਦੇਣਾ ਚਾਹੁੰਦੇ ਹੋ ਤਾਂ ਇਹੋ ਜਿਹਾ ਵਰ ਦਿਓ ਕਿ ਆਪ ਦੇ ਬਣਾਏ ਹੋਏ ਕਿਸੇ ਵੀ ਪ੍ਰਾਣੀ ਤੋਂ, ਭਾਵੇਂ ਉਹ ਮਨੁੱਖ ਹੋਵੇ ਜਾਂ ਪਸ਼ੂ, ਦੇਵਤਾ ਹੋਵੇ ਜਾਂ ਦੈਂਤ ਜਾਂ ਨਾਗ ਕਿਸੇ ਤੋਂ ਵੀ ਮੇਰੀ ਮੌਤ ਨਾ ਹੋਵੇ। ਨਾ ਅੰਦਰ ਮਰਾਂ, ਨਾ ਬਾਹਰ ਮਰਾਂ, ਨਾ ਦਿਨੇ ਮਰਾਂ ਨਾ ਰਾਤ ਮਰਾਂ। ਨਾ ਕਿਸੇ ਅਸਤ੍ਰ ਨਾਲ ਮਰਾਂ ਨਾ ਕਿਸੇ ਸ਼ਸ਼ਤ੍ਰ ਨਾਲ ਮਰਾਂ। ਨਾ ਧਰਤੀ ਤੇ ਮਰਾਂ ਨਾ ਅਕਾਸ਼ ਤੇ ਮਰਾਂ ਅਤੇ ਨਾ ਹੀ ਪਤਾਲ ਵਿਚ ਮਰਾਂ। ਯੁੱਧ ਵਿਚ ਮੇਰਾ ਕੋਈ ਸਾਹਮਣਾ ਨਾ ਕਰ ਸਕੇ। ਮੈਂ ਸਰਬ ਜੀਆਂ ਦਾ ਇਕੋ ਇਕ ਸਮਰਾਟ ਹੋਵਾਂ। ਯੋਗੀਆਂ ਵਿਚ ਮੇਰੀ ਆਪ ਜੀ ਜੈਸੀ ਮਹਿਮਾ ਹੋਵੇ"। "ਤਥਾ ਅਸਤੂ"। ਬ੍ਰਹਮਾ ਜੀ ਦਾ ਉੱਤਰ ਸੀ। ਬ੍ਰਹਮਾ ਜੀ ਅਲੋਪ ਹੋ ਗਏ ਅਤੇ ਹਰਿਣਾਖਸ਼ ਮਨ ਇੱਛਤ ਵਰ ਪ੍ਰਾਪਤ ਕਰਕੇ ਆਪਣੀ ਰਾਜਧਾਨੀ ਨੂੰ ਚਲਾ ਗਿਆ। ਹਰਿਣਾਖਸ਼ ਨੇ ਆਪਣੇ ਰਾਜ ਵਿਚ ਆ ਕੇ ਆਪਣੀ ਇਸਤ੍ਰੀ ਕਿਆਧੂ ਨੂੰ ਘਰ ਲੈ ਆਂਦਾ। ਗਰੂਰ ਅਤੇ ਦਵੈਤ ਭਾਵ ਦਾ ਗ੍ਰਸਿਆ ਹੋਇਆ ਹਰਿਣਾਖਸ਼ ਸੰਸਾਰ ਤੋਂ ਆਪਣਾ ਨਾਮ ਜਪਾਉਣ ਲੱਗਾ। ਪ੍ਰਹਿਲਾਦ ਆਪਣੇ ਚਾਰੇ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਉਸ ਨਾਲ ਹਰਿਣਾਖਸ਼ ਦਾ ਜ਼ਿਆਦਾ ਪਿਆਰ ਹੋਣਾ ਸੁਭਾਵਿਕ ਹੀ ਸੀ ਪਰ ਆਪਣੀ ਗਰਭ ਅਵਸਥਾ ਵਿਚ ਲਏ ਉਪਦੇਸ਼ ਅਸਰ ਕਰਕੇ ਪ੍ਰਹਿਲਾਦ ਦੀ ਬਿਰਤੀ ਪ੍ਰਭੂ ਭਜਨ ਵਲ ਜਿਆਦਾ ਸੀ। ਬਾਲਕਾਂ ਵਾਲੀਆਂ ਖੇਡਾਂ, ਸੰਸਾਰਿਕ ਮੋਹ ਅਤੇ ਖਾਣ ਪੀਣ ਦੀ ਕੋਈ ਰੁਚੀ ਨਹੀਂ ਸੀ, ਸਗੋਂ ਉਸ ਦਾ ਦਿਨ ਰਾਤ ਹਰੀ ਰੰਗ ਦੀ ਵੈਰਾਗ ਮਈ ਅਵਸਥਾ ਵਿਚ ਹੀ ਗੁਜਰਦਾ ਸੀ।

ਬਾਲ ਬੈਸ ਤੇ ਕ੍ਰੀੜਾ ਤਜਾਗੀ॥
ਹਰਿ ਕੇ ਚਰਨ ਕਮਲ ਮਤਿ ਪਾਗੀ॥
ਬੈਠਤਿ ਉਠਤਿ ਸੋਵਤਿ ਜਾਗਤਿ॥
ਸਿਮਰਨ ਨਾਮ ਬਿਖੈ ਅਨੁਰਾਗਤਿ॥
ਨਿਹਕਿੰਚਨ ਏਕੈ ਲਿਵ ਲਾਗੀ॥
ਨੀਂਦ ਭੂਖ ਜਾਂ ਤੇ ਸਭਿ ਭਾਗੀ॥
ਪ੍ਰਭੂ ਪਦ-ਪੰਕਜ ਪ੍ਰੇਮ ਅਪਾਰਾ॥
ਜਾਗ ਰਹਜੋ ਮਨ ਸਾਂਝ ਸਕਾਰਾ॥
ਜਗ ਬਿਵਹਾਰ ਨ ਭਾਵਤਿ ਕੋਊ॥
ਬਾਲਤ ਖੇਲ ਤਜਜੋ ਥੋ ਜੋਊ॥

ਪ੍ਰਹਿਲਾਦ ਪਿਤਾ ਨੇ ਪ੍ਰਹਿਲਾਦ ਨੂੰ ਦੈਂਤ

ਗੁਰੂ ਸ਼ੁਕਰਾਚਾਰਯ ਦੇ ਪੁੱਤਰ ਸ਼ੰਡ ਅਤੇ ਅਮਰਕ ਕੋਲ ਪੜ੍ਹਨ ਵਾਸਤੇ ਭੇਜ ਦਿੱਤਾ। ਦੋਹਾਂ ਅਧਿਆਪਕਾਂ ਨੂੰ ਹਰਨਾਖਸ਼ ਵੱਲੋਂ ਪੱਕੀ ਕੀਤੀ ਗਈ ਕਿ ਇਸ ਨੂੰ ਦੈਂਤ ਕੁਲ ਦਾ ਅਚਾਰ ਅਤੇ ਰਾਜਨੀਤੀ ਦੀ ਸਿਖਿਆ ਭਲੀ ਭਾਂਤ ਦਿੱਤੀ ਜਾਵੇ। ਕਿਸੇ ਬ੍ਰਾਹਮਣ ਅਥਵਾ ਕਿਸੇ ਰਿਸ਼ੀ ਮੁਨੀ ਦੀ ਅਵਾਜ਼ ਇਸ ਦੇ ਕੰਨਾਂ ਵਿਚ ਨਹੀਂ ਪੈਣੀ ਚਾਹੀਦੀ। ਪਾਂਧੇ ਬਹੁਤ ਖੁਸ਼ ਸਨ। ਯਥਾ:- ਪੜ੍ਹਨ ਪਠਾਇਆ ਚਾਟ ਸਾਲ ਪਾਂਧੈ ਚਿਤਿ ਹੋਆ ਅਹਿਲਾਦੁ॥

ਪਿਤਾ ਪ੍ਰਹਲਾਦੁ ਪੜਣ ਪਠਾਇਆ ॥
ਲੈ ਪਾਟੀ ਪਾਧੇ ਕੈ ਆਇਆ॥ ........
ਪ੍ਰਹਿਲਾਦ ਪਠਾਏ ਪੜਨ ਸਾਲ॥
ਸੰਗਿ ਸਖਾ ਬਹੁ ਲੀਏ ਬਾਲ॥

ਹੁਣ ਪ੍ਰਹਿਲਾਦ ਗੁਰੂ ਗ੍ਰਹਿ ਵਿਚ ਰਹਿ ਕੇ ਸਿੱਖਿਆ ਪ੍ਰਾਪਤ ਕਰਨ ਲਗਾ। ਭਾਵੇਂ ਤੇਲੀਆ ਬੁੱਧੀ ਹੋਣ ਕਰਕੇ ਉਹ ਪਾਧੈ ਦਾ ਦਿੱਤਾ ਹੋਇਆ ਸਬਕ ਵੀ ਤਤਛਿਨ ਯਾਦ ਕਰ ਲੈਂਦਾ ਪਰ ਉਸ ਦਾ ਮਨ ਜਿਆਦਾ-ਤਰ ਪ੍ਰਭੂ ਭਗਤੀ ਵਿਚ ਹੀ ਲੀਨ ਰਹਿੰਦਾ। ਉਹ ਪਾਂਧਿਆਂ ਨੂੰ ਇੰਝ ਆਖਦਾ-

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥
ਦੂਜੈ ਭਾਇ ਫਾਥੇ ਜਮ ਜਾਲਾ॥ .......
ਨਾਮ ਬਿਨਾ ਨਹ ਪੜਉ ਅਚਾਰ।
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥ .....
ਮੋ ਕਉ ਕਹਾ ਪੜਾਵਸਿ ਆਲ ਜਾਲ॥
ਮੇਰੀ ਪਟੀਆ ਲਿਖ ਦੇਹੁ ਸ੍ਰੀ ਗੁੋਪਾਲ ॥

ਪ੍ਰਹਿਲਾਦ ਜੀ ਰੰਗ ਵਿਚ ਹੋ ਕੇ ਸ੍ਰੀ ਹਰੀ ਦੇ ਗੁਣ ਗਾਉਂਦੇ। ਇਕ ਦਿਨ ਹਰਿਣਾਖਸ਼ ਪ੍ਰਹਿਲਾਦ ਦੀ ਪਾਠਸ਼ਾਲਾ ਵਿੱਚ ਪਹੁੰਚ ਗਿਆ। ਪਿਤਾ ਨੇ ਪੁੱਤਰ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ ਅਤੇ ਕਹਿਣ ਲਗਾ, "ਬੇਟਾ, ਜੋ ਤੂੰ ਸ਼ੁਭ ਸਿੱਖਿਆ ਪ੍ਰਾਪਤ ਕੀਤੀ ਹੈ, ਉਹ ਮੈਨੂੰ ਸੁਣਾ"। ਬਾਲਕ ਨੇ ਬੜੀ ਨਿਡਰਤਾ ਨਾਲ ਪ੍ਰਭੂ ਉਸਤਤੀ ਸ਼ੁਰੂ ਕਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:-

ਇਕਿ ਦਯੋਸ ਗਜੋ ਚਟਸਾਰਿ ਨ੍ਰਿਪੰ॥
ਚਿਤ ਚੌਂਕ ਰਹਯੋ ਸੁਭ ਦੇਖਿ ਸੁਤੰ॥
ਜੋ ਪੜਯੋ ਦਿਜ ਤੇ ਸੁਨ ਤਾਹਿ ਰੜੋ ॥
ਨਿਰਭੈ ਸਿਸੁ ਨਾਮੁ ਗੁਪਾਲ ਪੜੋ॥

ਹਰਨਾਖਸ਼ ਗੁੱਸੇ ਨਾਲ ਅੱਗ ਬਬੂਲਾ ਹੋ ਉਠਿਆ। ਕ੍ਰੋਧ ਵਿਚ ਆ ਕੇ ਸੰਡਾ ਮਰਕਾ ਨੂੰ ਸਖਤ ਸ਼ਬਦਾਂ ਵਿਚ ਹਦਾਇਤ ਕੀਤੀ ਕਿ ਇਸ ਉਲਟੀ ਮੱਤ ਵਾਲੇ ਬਾਲਕ ਨੂੰ ਝਿੜਕ ਝੰਬ ਕੇ ਕਿਸੇ ਵੀ ਤਰੀਕੇ ਨਾਲ, 'ਥਲੇ ਹਰਨਾਖਸ਼, ਤਲੇ ਹਰਿਣਾਖਸ਼, ਹੈ ਭੀ ਹਰਿਣਾਖਸ਼, ਹੋ ਸੀ ਭੀ ਹਰਿਣਾਖਸ਼, ਦਾ ਪਾਠ ਪੜ੍ਹਾਇਆ ਜਾਵੇ। ਮੈਂ ਦੁਬਾਰਾ ਇਸ ਦੇ ਮੂੰਹੋਂ ਆਪਣੇ ਭਰਾ ਦੇ ਕਾਤਿਲ ਅਤੇ ਆਪਣੇ ਵੈਰੀ ਵਿਸ਼ਨੂੰ ਦਾ ਨਾਮ ਨਹੀਂ ਸੁਨਣਾ ਚਹੁੰਦਾ।

ਜਲ ਅਉਰ ਥਲੰ ਇਕ ਬੀਰ ਮਨੰ॥
ਇਹ ਕਾਹਿ ਗੋਪਾਲ ਕੋ ਨਾਮੁ ਭਨੰ॥

ਪਰ ਜਿੰਨ੍ਹਾਂ ਅੰਦਰ ਪ੍ਰਭੂ ਇਸ਼ਕ ਰਸ ਗਿਆ ਸੀ, ਜਿੰਨ੍ਹਾਂ ਨੂੰ ਪ੍ਰੇਮ ਤਮਾਚੇ ਲਗ ਗਏ ਹਨ, ਉਨ੍ਹਾਂ ਨੂੰ ਕੌਣ ਰੋਕ ਸਕਦਾ ਹੈ। ਪ੍ਰਹਿਲਾਦ ਜੀ ਦੀ ਭਗਤੀ ਸਿਰ ਚੜ੍ਹਕੇ ਬੋਲਦੀ ਸੀ ਓਨ੍ਹਾਂ ਨੇ ਸਭ ਸਹਿਪਾਠੀਆਂ ਨੂੰ ਵੀ ਭਗਤੀ ਦ੍ਰਿੜਾਉਣੀ ਸ਼ੁਰੂ ਕਰਾ ਦਿੱਤੀ। ਜਮਾਤ ਵਿਚ ਬੈਠੇ ਪ੍ਰਹਿਲਾਦ ਜੀ ਅੱਗੇ ਅੱਗੇ ਬੋਲਦੇ ਅਤੇ ਸਭ ਸਹਿਪਾਠੀ ਪਿੱਛੇ ਪਿੱਛੇ ਗਾਉਂਦੇ।-

"ਬੋਲਹੁ ਰਾਮ ਰਾਮ ਰਾਮ ,
ਬੋਲਹੁ ਰਾਮ ਰਾਮ ਰਾਮ"

ਉਸਤਾਦਾਂ ਦੀਆਂ ਝਿੜਕਾਂ ਦਾ ਬਾਲਕ ਉੱਤੇ ਕੋਈ ਅਸਰ ਨਾ ਹੁੰਦਾ। ਉਸ ਦਾ ਵਿਸ਼ਵਾਸ ਅਡਿੱਗ ਸੀ, ਉਸ ਦੀ ਪ੍ਰਬਲ ਭਾਵਨਾ ਅੱਗੇ ਉਨ੍ਹਾਂ ਦੀਆਂ ਦਲੀਲਾਂ ਧੂਏਂ ਦੇ ਬੱਦਲ ਵਾਂਗ ਉੱਡ ਗਈਆਂ। ਸ੍ਰੀ ਗੁਰੂ ਅਮਰ ਦਾਸ ਜੀ ਫੁਰਮਾਉਂਦੇ ਹਨ :-

"ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥
ਸਾਸਨਾ ਤੇ ਬਾਲਕ ਗਮੁ ਨ ਕਰੈ॥

ਜਿਹੜੇ ਉਸਤਾਦ ਪ੍ਰਹਿਲਾਦ ਦੇ ਪਾਠਸ਼ਾਲਾ ਵਿਚ ਆਉਣ ਵੇਲੇ ਅਤੀ ਪ੍ਰਸੰਨ ਸਨ, ਹੁਣ ਉਹ ਚਿੰਤਾ ਅਤੇ ਕ੍ਰੋਧ ਦੇ ਦੋ ਪੜਾਂ ਵਿਚ ਪਿਸ ਰਹੇ ਸਨ। ਬਾਲਕ ਦੀ ਸ਼ਿਕਾਇਤ ਕਰਨ ਲਈ ਉਤਾਵਲੇ ਹੋਏ। ਇਨ੍ਹਾਂ ਅਧਿਆਪਕਾਂ ਨੇ ਹਰਨਾਖਸ਼ ਕੋਲ ਜਾ ਕੇ ਆਪਣਾ ਦੁੱਖ ਰੋਇਆ ਕਿ ਹੁਣ ਤਾਂ ਪ੍ਰਹਲਾਦ ਨੇ ਦੂਜੇ ਬੱਚੇ ਵੀ ਵਿਗਾੜ ਦਿੱਤੇ ਹਨ-

ਸੰਡਾ ਮਰਕਾ ਜਾਇ ਪੁਕਾਰੇ॥
ਪੜੈ ਨਹੀਂ ਹਮ ਹੀ ਪਚਿ ਹਾਰੇ॥
ਰਾਮੁ ਕਹੈ ਕਰ ਤਾਲ ਬਜਾਵੈ
ਚਟੀਆ ਸਭੈ ਬਿਗਾਰੇ॥
ਰਾਮ ਨਾਮਾ ਜਪਿਬੋ ਕਰੈ।
ਹਿਰਦੈ ਹਰਿ ਜੀ ਕੋ ਸਿਮਰਨੁ ਧਰੈ॥ ......
ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥
ਹਮਾਰਾ ਕਹਿਆ ਨਾ ਸੁਣੈ ਆਪਣਾ ਕਾਰਜ ਸਵਾਰੇ॥

ਤਤਛਿਨ ਦੈਂਤ ਰਾਜ ਨੇ ਹੁਕਮ ਕੀਤਾ, "ਪ੍ਰਹਿਲਾਦ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਜਾਏ"। ਹੁਕਮ ਦੀ ਤਾਮੀਲ ਕੀਤੀ ਗਈ। ਕਾਲ ਦੇ ਪ੍ਰੇਰੇ ਹੋਏ ਹਰਨਾਖਸ ਨੇ ਬਨਾਵਟੀ ਪ੍ਰਸੰਨਤਾ ਦਿਖਾਉਂਦੇ ਹੋਏ ਪ੍ਰਹਲਾਦ ਨੂੰ ਗੋਦ ਵਿਚ ਲੈ ਕੇ ਆਖਿਆ, "ਜੋ ਤੁਮ ਪਾਠ ਪਢਜੋ ਹੇ ਤਾਤਾ॥ ਮੁਝਹਿ ਸੁਨਾਵਹੁ ਸੁਭਗ ਸੁਹਾਤਾ॥" ਪ੍ਰਹਿਲਾਦ ਜੀ ਦੇ ਪ੍ਰੇਮ ਭਿੱਜੇ ਬੋਲ ਸੀ, "ਹੇ ਪਿਤਾ ਜੀ,

"ਰਮਿਆ ਰਾਮ ਹੀ ਕੁਲ ਸੰਸਾਰ ਅੰਦਰ ਕੁਲ ਮਖ਼ਲੂਕ ਸੰਦਾ ਕਰਣਹਾਰ ਹੈ ਉਹ॥

ਦੁਸ਼ਮਣ ਨਾਲ ਵੀ ਨਹੀਂ ਦਵੈਤ ਕਰਦਾ, ਨੀਚ ਉਚ ਦਾ ਪਰਵਦਗਾਰ ਹੈ ਉਹ॥

ਉਹਦੇ ਹੁਕਮ ਬਿਨ ਪੱਤਾ ਨਹੀਂ ਹਿੱਲ ਸਕਦਾ ਸਹਿਨਸ਼ਾਹਾਂ ਦਾ ਸੱਚਾ ਸਰਦਾਰ ਹੈ ਉਹ॥

ਦੇਂਦਾ ਮਾਣ ਨਿਰਵੈਰ ਨਿਮਾਣਿਆਂ ਨੂੰ ਦੂਰ ਮਾਨੀਆਂ ਕਰਦਾ ਹੰਕਾਰ ਹੈ ਉਹ"॥

ਇਹ ਸੁਣਦਿਆਂ ਸਾਰ ਹਰਿਣਾਖਸ਼ ਦਾ ਪਾਰਾ ਸੱਤਵੇਂ ਆਸਮਾਨ ਤੇ ਜਾ ਚੜ੍ਹਿਆ। ਕ੍ਰੋਧਾਤੁਰ ਹੋਏ ਹੋਏ ਨੇ ਬਾਲਕ ਨੂੰ ਗੋਦ ਵਿੱਚੋਂ ਭੁੰਜੇ ਸੁੱਟ ਦਿੱਤਾ, ਅਤੇ ਮਨ ਵਿਚ ਸੋਚਣ ਲੱਗਾ ਕਿ ਇਸ ਨੂੰ ਮਾਰ ਕੇ ਆਪਣੀ ਛਾਤੀ ਠੰਢੀ ਕਰਾਂਗਾ । "ਜਿਯ ਮਾਹਿ ਧਰੋ ਸਿਸੁ ਹਨੋ॥ ਜੜ ਕਿਉ ਭਗਵਾਨ ਕੋ ਨਾਮ ਭਨੋ॥" ਪਰ ਬੇਪ੍ਰਵਾਹ ਪ੍ਰਹਲਾਦ ਹੱਥ ਦੀ ਤਾਲੀ ਵਜਾ ਕੇ ਗਾ ਰਿਹਾ ਸੀ।;– "ਬੋਲਹੁ ਰਾਮ ਰਾਮ ਰਾਮ, ਬੋਲਹੁ ਰਾਮ ਰਾਮ ਰਾਮ"।

ਪਤੀ ਦੇ ਅੱਖੜ ਅਤੇ ਹੰਕਾਰੀ ਸੁਭਾ ਦੀ ਜਾਣੂ ਮਾਤਾ ਕਿਆਧੂ ਨੇ ਪੁਤਰ ਨੂੰ ਸਮਝਾਣ ਦਾ ਯਤਨ ਕੀਤਾ–

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥
ਪੁਤ੍ਰ ਰਾਮ ਨਾਮ ਛੋਡਹੁ ਜੀਉ ਲੇਹੁ ਉਬਾਰੇ॥....
ਪੁੱਤਰ ਪ੍ਰਹਿਲਾਦ ਸਿਉ ਕਹਿਆ ਮਾਇ ॥
ਪਰਵਿਰਤਿ ਨ ਪੜਹੁ ਰਹੀ ਸਮਝਾਇ॥........
ਤੂੰ ਰਾਮ ਕਹਨ ਕੀ ਛੋਡੁ ਬਾਨਿ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ॥

ਪਰ ਪ੍ਰਹਿਲਾਦ ਤਾਂ ਕਿਸੇ ਹੋਰ ਹੀ ਰੰਗ ਵਿਚ ਸੀ–

ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ
ਤਿਨਿ ਤਉ ਅਉਰੈ ਠਾਨੀ"

ਉਹ ਕਹਿ ਰਹੇ ਸਨ–

ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ।
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥
ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ॥
ਜੇ ਹਰਿ ਛੋਡਉ ਤਉ ਕੁਲਿ ਲਾਗੇ ਗਾਲਿ॥

ਹਰਨਾਖਸ ਨੇ ਆਪਣੇ ਮੁੱਖੀ ਦੈਂਤਾਂ ਨੂੰ ਸੱਦ ਕੇ ਪ੍ਰਹਿਲਾਦ ਦਾ ਇਲਾਜ ਕਰਨ ਦਾ ਹੁਕਮ ਕਰ ਦਿੱਤਾ ਅਤੇ ਦੈਂਤ ਸਭਾ ਨੇ ਆਪਸ ਵਿਚ ਮਤਾ ਕੀਤਾ ਕਿ ਇਸ ਨੂੰ ਮਾਰ ਹੀ ਦਿੱਤਾ ਜਾਵੇ।

ਅਸੁਰ ਸੂਰਮਿਆਂ ਨੇ ਪ੍ਰਹਿਲਾਦ ਉਪਰ ਤਲਵਾਰਾਂ, ਨੇਜਿਆਂ, ਭਾਲਿਆਂ, ਤੀਰਾਂ ਆਦਿ ਅਸਤ੍ਰਾਂ ਸ਼ਸਤ੍ਰਾਂ ਨਾਲ ਵਾਰ ਕੀਤੇ। ਪਰ ਪ੍ਰਭੂ ਆਪਣੇ ਪ੍ਰੇਮੀ ਭਗਤ ਨੂੰ ਇਸ ਤਰ੍ਹਾਂ ਬਚਾ ਲੈਂਦੇ ਹਨ ਜਿਵੇਂ ਬੱਤੀ ਦੰਦਾਂ ਵਿਚ ਜੀਭ ਬਚਦੀ ਰਹਿੰਦੀ ਹੈ। ਹਰ ਮੁਸ਼ਕਲ ਵਿਚੋਂ ਨਵਾਂ ਨਰੋਆ ਨਿਕਲਣ ਤੇ ਪ੍ਰਹਿਲਾਦ ਉੱਚੀ ਆਵਾਜ਼ ਵਿੱਚ ਸਭ ਵੇਖਨ ਵਾਲਿਆਂ ਨੂੰ ਸੰਬੋਧਿਤ ਕਰਕੇ ਆਖਦਾ ਸੀ, "ਬੋਲਹੁ ਰਾਮ ਰਾਮ ਰਾਮ, ਬੋਲਹੁ ਰਾਮ ਰਾਮ ਰਾਮ"। ਦੈਂਤਾਂ ਦੀ ਦੁਸ਼ਟ ਸਭਾ ਨੇ ਸਲਾਹ ਮੇਲੀ ਕਿ ਇਸ ਨੂੰ ਸੁਮੇਰ ਪਰਬਤ ਤੋਂ ਸੁੱਟ ਦੇਈਏ ਆਪੇ ਚੂਰਣ ਹੋ ਜਾਏਗਾ। ਪ੍ਰਹਿਲਾਦ ਨੂੰ ਫੜ ਕੇ ਸੁਮੇਰ ਪਰਬਤ ਤੇ ਲੈ ਗਏ। ਸਿਖਰ ਤੇ ਜਾ ਕੇ ਧੱਕਾ ਦੇ ਦਿੱਤਾ। ਕਿਹਾ ਜਾਂਦਾ ਹੈ ਕਿ ਸੁਮੇਰ ਪਰਬਤ ਨੂੰ ਅਕਾਸ਼ਬਾਣੀ ਹੋਈ, "ਐ ਸੁਮੇਰ, ਤੂੰ ਅਗੇ ਹੀ ਕਠੋਰ ਪਰਬਤ ਹੈ, ਜੇ ਮੇਰੇ ਭਗਤ ਨੂੰ ਦੁੱਖ ਦੇਵੇਂਗਾ ਤੇ ਦੁਖੀ ਰਹੇਂਗਾ। ਸੇਵਾ ਦਾ ਮੌਕਾ ਹੈ, ਸੇਵਾ ਕਰ ਲੈ"। ਸੁਮੇਰ ਨੇ ਨਰਮ ਰੂੰ ਦਾ ਰੂਪ ਧਾਰਨ ਕਰ ਲਿਆ। ਜਿਸ ਤਰ੍ਹਾਂ ਕੋਈ ਜੀਅ ਨਰਮ ਗੱਦੇਲਿਆਂ ਤੇ ਲੇਟਦਾ ਲੇਟਦਾ ਹੇਠਾਂ ਆਂਉਂਦਾ ਹੈ। ਇਸੇ ਤਰ੍ਹਾਂ ਪ੍ਰਹਿਲਾਦ ਸੁਖ ਪੂਰਵਕ ਲੇਟਦਾ ਹੋਇਆ ਪਰਬਤ ਤੋਂ ਹੇਠਾਂ ਆ ਗਿਆ, ਨੱਚਦਾ ਟੱਪਦਾ ਕੁੱਦਦਾ ਸਭ ਨੂੰ ਕਹਿੰਦਾ ਹੈ, "ਦੇਖੋ ਮੈਨੂੰ ਰਾਮ ਜੀ ਨੇ ਬਚਾ ਲਿਆ ਹੈ ਇਸ ਲਈ ਸਭ ਬੋਲੋ "ਬੋਲਹੁ ਰਾਮ ਰਾਮ ਰਾਮ, ਬੋਲਹੁ ਰਾਮ ਰਾਮ ਰਾਮ" ਵੇਖਣ ਵਾਲੇ ਲੋਕ ਵੀ ਗਾ ਰਹੇ ਹਨ "ਬੋਲਹੁ ਰਾਮ ਰਾਮ ਰਾਮ .....।

ਇਸ ਧੁਨ ਨੂੰ ਸੁਣ ਕੇ ਹਰਣਾਖਸ਼ ਹੋਰ ਦੁਖੀ ਹੋਇਆ। ਸੋਚਣ ਲੱਗਾ ਮੈਂ ਕਿਸੇ ਹੋਰ ਨੂੰ ਕੀ ਆਖਾਂ, ਮੇਰਾ ਆਪਣਾ ਹੀ ਪੁੱਤਰ ਵਿਗੜਿਆ ਹੋਇਆ ਹੈ। ਫੇਰ ਦੈਂਤਾਂ ਨੇ ਮਤਾ ਪਕਾਇਆ ਕਿ ਏਸ ਨੂੰ ਭੁੱਖੇ ਸ਼ੇਰਾਂ ਅੱਗੇ ਸੁੱਟ ਦਿੱਤਾ ਜਾਵੇ, ਸ਼ੇਰ ਇਸ ਨੂੰ ਖਾ ਲੈਣਗੇ। ਸਭ ਟੰਟਾ ਹੀ ਮੁੱਕ ਜਾਵੇਗਾ। ਇਹ ਫੈਸਲਾ ਪ੍ਰਹਿਲਾਦ ਨੂੰ ਸੁਣਾਇਆ ਗਿਆ ਅਤੇ ਰਾਮ ਨਾਮ ਨੂੰ ਛੱਡਣ ਵਾਸਤੇ ਆਖਿਆ ਗਿਆ। ਪ੍ਰਹਿਲਾਦ ਦਾ ਉੱਤਰ ਸੀ– ਮੋ ਕਉ ਕਹਾ ਸਤਾਵਹੁ ਬਾਰ ਬਾਰ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ॥ ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥

ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥

ਸਭ ਸੰਗਤ ਦੇ ਸਾਮ੍ਹਣੇ ਭਗਤ ਬਾਲਕ ਨੂੰ ਭੁੱਖੇ ਸ਼ੇਰਾਂ ਵਿਚ ਛੱਡ ਦਿੱਤਾ ਗਿਆ ਪਰ ਉਦੋਂ ਸਭ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਸ਼ੇਰ ਉਸ ਨਾਲ ਪਿਆਰ ਕਰਨ ਲਗੇ, ਸ਼ੇਰ ਭਗਤ ਨੂੰ ਚੱਟ ਰਹੇ ਸਨ ਅਤੇ ਉਹ ਉਹਨਾਂ ਨਾਲ ਬਾਲ ਸਾਥੀਆਂ ਵਾਂਗ ਖੇਡ ਰਿਹਾ ਸੀ, ਕਦੀ ਕਿਸੇ ਸ਼ੇਰ ਨੂੰ ਮਾਰਦਾ ਹੈ, ਕਦੇ ਕਿਸੇ ਸ਼ੇਰ ਉਪਰ ਚੜ੍ਹਦਾ ਹੈ। ਸੰਗਤ ਨੂੰ ਉੱਚੀ ਅਵਾਜ਼ ਵਿਚ ਆਖਣ ਲੱਗਾ, ਵੇਖੋ ਵੇਖੋ ਮੈਂ ਨਹੀਂ ਮਰਿਆ, ਇਸ ਲਈ ਸਭ ਬੋਲਹੁ ਰਾਮ ਰਾਮ ਰਾਮ । ਸਾਰੀ ਸੰਗਤ ਬੁਲੰਦ ਅਵਾਜ਼ ਵਿਚ ਪੜ੍ਹਨ ਲੱਗੀ। "ਰਾਮ ਰਾਮ ਰਾਮ ਬੋਲਹੁ ਰਾਮ ਰਾਮ ਰਾਮ" ਸਭ ਲੋਕਾਂ ਦੇ ਅੰਦਰ ਰਾਮ ਭਗਤੀ ਦ੍ਰਿੜ੍ਹ ਹੋ ਗਈ ਦੈਂਤਾ ਦਾ ਕੋਈ ਵੱਸ ਨਹੀਂ ਸੀ ਚਲ ਰਿਹਾ।

ਸਭ ਨਗਰੀ ਮਹਿ ਭਗਤਿ ਦ੍ਰਿੜਾਈ॥
ਦੁਸਟ ਸਭਾ ਕਾ ਕਿਛੁ ਨ ਵਸਾਈ॥

ਜਦ ਭੁੱਖੇ ਸ਼ੇਰਾਂ ਅਗੇ ਪਾਉਣ ਵਾਲਾ ਚਾਰਾ ਵੀ ਫੇਲ੍ਹ ਹੋ ਗਿਆ ਤਾਂ ਪ੍ਰੋਗਰਾਮ ਬਣਿਆ ਕਿ ਇਸ ਨੂੰ ਜ਼ਹਿਰੀ ਨਾਗਾਂ ਕੋਲੋਂ ਡਸਾਇਆ ਜਾਵੇ। ਪਰ ਬਿਖ ਤੇ ਅੰਮ੍ਰਿਤ ਦੇ ਕਥਨ ਅਨੁਸਾਰ ਜ਼ਹਿਰੀ ਨਾਗ ਵੀ ਪ੍ਰਹਿਲਾਦ ਦੇ ਪ੍ਰੇਮੀਂ ਬਣ ਗਏ ਅਤੇ ਬਾਲਕ ਸੱਪਾਂ ਨਾਲ ਰੱਸੀਆਂ ਦੀ ਤਰਾਂ ਖੇਡਣ ਲੱਗਾ। ਉੱਚੀ ਅਵਾਜ਼ ਵਿਚ ਰਾਮ ਰਾਮ ਦੀ ਧੁਨਿ ਲਗਾਈ ਬਾਲਕ ਪ੍ਰਹਿਲਾਦ ਹੱਸਦਾ ਖੇਡਦਾ ਬਾਹਰ ਆ ਗਿਆ। ਫਿਰ ਉਸ ਨੂੰ ਭੁੱਖਾ ਰੱਖਿਆ ਗਿਆ, ਪਾਣੀ ਵੀ ਪੀਣ ਲਈ ਨਾ ਦਿੱਤਾ ਗਿਆ, ਸਮੁੰਦਰ ਵਿਚ ਡੋਬਣ ਦੀ ਕੋਸ਼ਿਸ਼ ਕੀਤੀ ਗਈ ਪਰ ਸਾਰੇ ਯਤਨ ਅਸਫਲ ਹੋ ਗਏ। ਪ੍ਰਹਿਲਾਦ ਜੀ ਦਾ ਮਨ ਤਾਂ ਪਹਿਲਾਂ ਹੀ ਮਜਬੂਤ ਸੀ ਹੁਣ ਤਾਂ ਸਭ ਨਗਰੀ ਦਾ ਮਨ ਭੀ ਭਗਵਾਨ ਦੀ ਭਗਤੀ ਵਿਚ ਲੀਨ ਹੋ ਚੁੱਕਾ ਸੀ। ਫੁਰਮਾਨ ਹੈ:-

ਗਿਰਿ ਤਰ ਜਲ ਜੁਆਲਾ ਭੈ ਰਾਖਿਓ
ਰਾਜਾ ਰਾਮਿ ਮਾਇਆ ਫੇਰੀ॥.....
ਜਲ ਅਗਨੀ ਵਿਚਿ ਘਤਿਆ
ਜਲੈ ਨਾ ਡੁਬੈ ਗੁਰ ਪਰਸਾਦਿ॥......
ਪ੍ਰਹਲਾਦੁ ਕੋਠੇ ਵਿਚਿ ਰਾਖਿਆ
ਬਾਰਿ ਦੀਆ ਤਾਲਾ॥
ਨਿਰਭਉ ਬਾਲਕ ਮੂਲਿ ਨ ਡਰਈ॥
ਮੇਰੈ ਅੰਤਰਿ ਗੁਰ ਗੋਪਾਲਾ॥

ਭਗਤ ਪ੍ਰਿਥਾਦਾਸ ਜੀ ਭਗਤ ਮਾਲ ਸਟੀਕ ਵਿਚ ਲਿਖਦੇ ਹਨ ਕਿ ਭਗਤ ਪ੍ਰਹਿਲਾਦ ਜੀ ਨੇ ਸੱਚੇ ਹਿਰਦੇ ਨਾਲ ਭਗਵਾਨ ਦਾ ਸਿਮਰਨ ਕੀਤਾ। ਉਹਨਾਂ ਨੇ ਦੇਖ ਲਿਆ ਕਿ ਇਕ ਹੀ ਈਸ਼ਵਰ ਜੜ੍ਹ ਅਤੇ ਚੇਤਨ ਵਿਚ ਹਰ ਥਾਂ ਤੇ ਬਿਰਾਜਮਾਨ ਹੈ, ਹੁਣ ਉਸ ਬਾਲ ਨੂੰ ਤਲਵਾਰ ਕਿਵੇਂ ਕੱਟ ਸਕਦੀ ਹੈ, ਜਿਸ ਦੀ ਸ਼ਕਤੀ ਨਾਲ ਤਲਵਾਰ ਵਿਚ ਕੱਟਣ ਅਤੇ ਪਾਣੀ ਵਿਚ ਡੋਬਣ ਦੀ ਸ਼ਕਤੀ ਮੌਜੂਦ ਹੈ, ਉਸ ਭਗਵਾਨ ਨੂੰ ਉਹ ਤਲਵਾਰ ਅਤੇ ਪਾਣੀ ਵਿਚ ਵੀ ਵੇਖਦੇ ਹਨ ਇਸ ਲਈ ਉਹਨਾਂ ਨੂੰ ਤਲਵਾਰ ਕਿਸ ਲਈ ਕੱਟੇ ਅਤੇ ਪਾਣੀ ਕਿਸ ਤਰ੍ਹਾਂ ਡੋਬੇ ਉਹ ਹਰ ਥਾਂ ਤੇ ਅਤੇ ਅਪਾਰ ਅਨੰਤ ਪ੍ਰਮਾਤਮਾ ਨੂੰ ਦੇਖ ਰਹੇ ਹਨ-

ਸਿਮਰਨ ਸਾਚੋ ਕੀਓ ਲੀਓ ਦੇਖ
ਸਭ ਹੀ ਮੇ ਏਕ ਭਗਵਾਨ ਕੈਸੇ ਕਾਟੈ ਤਰਵਾਰ ਹੈ॥
ਕਾਟਿਬੋ ਖੜਗ ਜਲ ਬੋਰਿਓ ਸ਼ਕਤਿ ਜਾਕੀ,
ਤਾਹਿ ਕੋ ਨਿਹਾਰੈਚਹੂ ਓਰ ਸੋ ਅਪਾਰ ਹੈ।

ਹਰਿਣਾਖਸ਼ ਨੇ ਹਰ ਹੀਲਾ ਵਰਤ ਕੇ ਵੇਖ ਲਿਆ ਪਰ ਪ੍ਰਹਿਲਾਦ ਦੀ ਪ੍ਰਭੂ-ਪ੍ਰੀਤ ਨੂੰ ਉਹ ਨਾ ਤੋੜ ਸਕਿਆ। ਹਰਿਣਾਖਸ਼ ਦੀ ਇਕ ਭੈਣ ਸੀ ਜਿਸ ਦਾ ਨਾਮ ਸੀ 'ਹੋਲਿਕਾ'। ਇਸ ਦਾ ਨਾਮ ਢੂੰਡਾਂ ਵੀ ਇਤਿਹਾਸ ਵਿਚ ਆਇਆ ਹੈ ਇਸ ਕੋਲ ਬ੍ਰਹਮਾਂ ਜੀ ਦੀ ਦਿੱਤੀ ਹੋਈ ਇਕ ਚਾਦਰ ਸੀ। ਬ੍ਰਹਮਾ ਜੀ ਨੇ ਵਰ ਦਿੱਤਾ ਹੋਇਆ ਸੀ ਕਿ ਜਦ ਤੱਕ ਇਹ ਚਾਦਰ ਤੇਰੇ ਉਪਰ ਰਹੇਗੀ, ਤਦ ਤੱਕ ਤੈਨੂੰ ਅਗਨੀ ਨਹੀਂ ਸਾੜ ਸਕੇਗੀ। ਹਰਣਾਖਸ਼ ਨੇ ਆਪਣੀ ਇਸ ਭੈਣ ਨੂੰ ਕਿਹਾ, ਮੇਰਾ ਇਹ ਪੁਤਰ ਮੇਰੀ ਆਗਿਆ ਦਾ ਪਾਲਣ ਨਹੀਂ ਕਰਦਾ, ਸਗੋਂ ਮੇਰੇ ਦੁਸ਼ਮਣ ਦੀ ਭਗਤੀ ਕਰਦਾ ਹੈ। ਇਸ ਲਈ ਤੂੰ ਇਸ ਨੂੰ ਲੈ ਕੇ ਅੱਗ ਵਿਚ ਬੈਠ ਜਾਹ। ਤੂੰ ਤਾਂ ਬ੍ਰਹਮਾਂ ਜੀ ਦੀ ਬਖਸ਼ੀ ਹੋਈ ਚਾਦਰ ਦੇ ਪ੍ਰਭਾਵ ਕਰਕੇ ਅੱਗ ਦੇ ਪ੍ਰਕੋਪ ਤੋਂ ਬਚ ਜਾਵੇਂਗੀ ਅਤੇ ਇਹ ਦੁਸ਼ਟ ਬਾਲਕ ਸੜ ਕੇ ਸੁਆਹ ਹੋ ਜਾਵੇਗਾ। ਹੋਲਿਕਾ ਭਰਾ ਦੀ ਗਲ ਮੰਨ ਕੇ ਆਪਣੇ ਭਤੀਜੇ ਨੂੰ ਸਾੜਨ ਲਈ ਤਿਆਰ ਹੋ ਗਈ। ਲੋਕ ਤ੍ਰਾਹਿ ਤ੍ਰਾਹਿ ਕਰ ਰਹੇ ਸਨ। ਦੂਜੇ ਪਾਸੇ ਪ੍ਰਹਲਾਦ ਆਪਣੀ ਮੌਜ ਵਿਚ ਸਭ ਨੂੰ ਸੰਬੋਧਿਤ ਕਰਕੇ ਕਹਿ ਰਿਹਾ ਸੀ, ਦੇਖੋ ਭਾਈ, ਏਹ ਅਗਨੀ ਮੈਨੂੰ ਨਹੀਂ ਸਾੜੇਗੀ ਕਿਉਂਕਿ ਇਹ ਮੇਰੇ ਪ੍ਰਭੂ ਦੇ ਹੁਕਮ ਵਿਚ ਹੈ। ਇਸ ਲਈ ਸਾਰੇ ਬੋਲਹੁ ਰਾਮ ਰਾਮ ਰਾਮ। ਅਗਨੀ ਦਾ ਭਾਂਬੜ ਮੱਚ ਰਿਹਾ ਸੀ ਹੋਲਿਕਾ ਆਪਣੇ ਉਪਰ ਚਾਦਰ ਓੜ ਕੇ ਪ੍ਰਹਿਲਾਦ ਨੂੰ ਬੁੱਕਲ ਵਿਚ ਲੈ ਕੇ ਅੱਗ ਦੀਆਂ ਲਾਟਾਂ ਵਿਚ ਬੈਠ ਗਈ। ਲੋਕ ਹੈਰਾਨੀ ਨਾਲ ਤੱਕ ਰਹੇ ਸਨ ਕਿ ਹੁਣ ਕੀ ਹੋਵੇਗਾ। ਅਗਨੀ ਦਾ ਸੁਭਾਅ ਹੈ ਸਾੜਨਾ। ਪਰ ਜਿਸ ਤਰ੍ਹਾਂ ਘਰ ਦਾ ਪਹਿਰੇਦਾਰ ਚੋਰ ਡਾਕੂ ਨੂੰ ਘਰ ਵਿਚ

ਵੜਨ ਨਹੀਂ ਦੇਂਦਾ, ਪਰ ਘਰ ਵਿਚ ਆਏ ਹੋਏ ਮਹਿਮਾਨ ਦੀ ਖਾਤਿਰਦਾਰੀ ਕਰਦਾ ਹੈ, ਠੀਕ ਉਸੇ ਤਰ੍ਹਾਂ ਆਪਣੇ ਮਾਲਕ ਦੇ ਮਿੱਤਰ ਪ੍ਰਹਿਲਾਦ ਨੂੰ ਅਗਨੀ ਦੇਵ ਵੀ ਸਾੜਨਾ ਨਹੀਂ ਸੀ ਚਾਹੁੰਦਾ। ਇਸ ਲਈ ਅਗਨੀ ਦੇਵ ਨੇ ਵਾਯੂ ਦੇਵ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਮਦਦ ਕਰੇ।

ਹਵਾ ਦਾ ਤੇਜ਼ ਬੁਲ੍ਹਾ ਆਇਆ। ਹੋਲਿਕਾ ਦੇ ਉਪਰ ਲਈ ਚਾਦਰ ਉੱਡ ਕੇ ਪ੍ਰਹਿਲਾਦ ਉਪਰ ਪੈ ਗਈ। ਇਸ ਤਰ੍ਹਾਂ ਪ੍ਰਹਲਾਦ ਬਚ ਗਿਆ ਅਤੇ ਹੋਲਿਕਾ ਸੜ ਗਈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਹੋਲਿਕਾ ਦੀ ਅਲੋਜੀ ਨਾਲ ਮੰਗਣੀ ਹੋਈ ਸੀ ਅਤੇ ਵਿਆਹ ਦਾ ਦਿਨ ਫੱਗਣ ਦੀ ਪੂਰਮਮਾਸ਼ੀ ਨੂੰ ਸੀ ,ਜਦੋਂ ਇਲੋਜੀ ਬਰਾਤ ਲੈ ਕੇ ਹੋਲਿਕਾ ਨੂੰ ਵਿਆਹੁਣ ਲਈ ਪੁੱਜਾ ਤਾਂ ਉਦੋਂ ਤੱਕ ਉਹ ਸੜ੍ਹ ਕੇ ਸੁਆਹ ਹੋ ਗਈ ਸੀ। ਹੋਲਿਕਾ ਦੇ ਸੜਨ ਦੀ ਖਬਰ ਸੁਣ ਕੇ ਇਲੋਜੀ ਆਪਣ ਦਿਮਾਗੀ ਸੰਤੁਲਨ ਗੁਆ ਬੈਠਾ। ਅਗੇ ਵੱਧ ਕੇ ਹੋਲਿਕਾ ਦੀ ਚਿਖਾ ਨੂੰ ਫੋਲ ਰਿਹਾ ਸੀ। ਸੁਆਹ ਉੱਡਾ ਰਿਹਾ ਸੀ ਅਤੇ ਨਾਲ ਨਾਲ ਉੱਚੀ ਉਚੀ ਕਹਿ ਰਿਹਾ ਸੀ- ਹੋਲੀ ਹੈ...... ਹੋਲੀ ਹੈ......ਹੋਲੀ ਹੈ......। ਭਾਵ ਹੋਲਿਕਾ ਹਾਲੇ ਜਿੰਦਾ ਹੈ। ਕਿਹਾ ਜਾਂਦਾ ਹੈ ਕਿ ਉਸੇ ਦਿਨ ਤੋਂ ਇਹ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਹਰਨਾਖਸ਼ ਹੋਲਿਕਾ ਦਾ ਸੜਨਾ ਵੇਖ ਕੇ ਹੋਰ ਕ੍ਰੋਧਵਾਨ ਹੋਇਆ। ਹੱਥ ਵਿਚ ਤਲਵਾਰ ਫੜ ਕੇ ਪ੍ਰਹਲਾਦ ਨੂੰ ਕਹਿਣ ਲੱਗਾ, ਹੇ ਦੁਸ਼ਟ ਜਿਸ ਦੇ ਬਲ ਤੇ ਤੂੰ ਏਨੀਆਂ ਗੱਲਾਂ ਕਰਦਾ ਏਂ, ਤੇਰਾ ਉਹ ਈਸ਼ਵਰ ਕਿੱਥੇ ਹੈ?

ਪਿਤਾ ਪ੍ਰਹਿਲਾਦ ਸਿਉ ਗੁਰਜ ਉਠਾਈ॥
ਕਹਾਂ ਤੁਮ੍ਹਾਰਾ ਜਗਦੀਸ ਗੁਸਾਈ॥........
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ।
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥........
ਕਾਢਿ ਖੜਗੁ ਕੋਪਿਓ ਰਿਸਾਇ॥
ਤੁਝ ਰਾਖਨਹਾਰੋ ਮੋਹਿ ਬਿਤਾਇ॥.......
ਕਾਢਿ ਖੜਗੁ ਕਾਲੁ ਭੈ ਕੋਪਿਓ
ਮੋਹਿ ਬਤਾਉ ਜੁ ਤੁਹਿ ਰਾਖੇ॥

ਪ੍ਰਹਲਾਦ ਦਾ ਬੜਾ ਨਿਡਰਤਾ ਭਰਿਆ ਉੱਤਰ ਸੀ, ਮੇਰਾ ਜਗਦੀਸ ਗੁਸਾਈ ਹਰ ਥਾਂ ਤੇ ਮੌਜੂਦ ਹੈ, ਕੋਈ ਐਸਾ ਥਾਂ ਨਹੀਂ ਜਿੱਥੇ ਉਹ ਨਾ ਹੋਵੇ।

ਜਗਜੀਵਨੁ ਦਾਤਾ ਅੰਤਿ ਸਖਾਈ॥
ਜਹ ਦੇਖਾ ਤਹ ਰਹਿਆ ਸਮਾਈ॥

ਕਿ ਉਹ ਇਸ ਥੰਮ੍ਹ ਵਿਚ ਵੀ ਹੈ? ਹਰਿਣਾਖਸ਼ ਨੇ ਪੁੱਛਿਆ।

"ਹਾਂ, ਮੈਨੂੰ ਤਾਂ ਥੰਮ ਵਿਚ ਦਿਖਾਈ ਦੇਂਦਾ ਹੈ", ਪ੍ਰਹਿਲਾਦ ਦਾ ਉੱਤਰ ਸੀ। ਇਹ ਸੁਣ ਕੇ ਜਦ ਹਰਿਣਾਖਸ਼ ਆਪਣੇ ਆਪ ਨੂੰ ਸੰਭਾਲ ਨਾ ਸਕਿਆ ਤਾਂ ਰੋਹ ਵਿਚ ਆ ਛਾਲ ਮਾਰ ਕੇ ਅੱਗੇ ਵਧਿਆ ਅਤੇ ਥੰਮ੍ਹ ਉਪਰ ਬੜੇ ਜੋਰ ਦਾ ਭਰਵਾਂ ਵਾਰ ਕੀਤਾ। ਉਸ ਵੇਲੇ ਉਸ ਥੰਮ੍ਹ ਵਿਚੋਂ ਏਨੀ ਜੋਰ ਨਾਲ ਅਵਾਜ਼ ਆਈ ਕਿ ਮਾਨੋਂ ਬ੍ਰਹਿਮੰਡ ਫਟ ਗਿਆ ਹੋਵੇ। ਹਰਿਣਾਖਸ਼ ਘਬਰਾ ਕੇ ਏਧਰ ਓਧਰ ਦੇਖਣ ਲੱਗਾ। ਇਸ ਵੇਲੇ ਥੰਮ੍ਹ ਨੂੰ ਪਾੜ੍ਹ ਕੇ ਭਗਾਵਨ ਇਕ ਅੱਦਭੁਤ ਰੂਪ ਵਿਚ ਪ੍ਰਗਟ ਹੋ ਗਏ। "ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ" ਜਦੋਂ ਹਰਿਣਾਖਸ਼ ਨੇ ਉਸ ਅਸਚਰਜ ਚੀਜ਼ ਨੂੰ ਵੇਖਿਆ, ਉਹ ਸੋਚਣ ਲਗਾ ਹੈਂ, ਇਹ ਨਾ ਤਾਂ ਮਨੁੱਖ ਹੈ, ਨਾ ਹੀ ਪਸ਼ੂ ਹੈ, ਫਿਰ ਇਹ ਕਿਹੜਾ ਅਲੌਕਿਕ ਜੀਵ ਹੋਇਆ? ਹਰਿਣਾਖਸ਼ ਇਸ ਉਧੇੜ ਬੁਣ ਵਿਚ ਲਗਾ ਹਇਆ ਸੀ ਤਾਂ ਤਤਛਿਨ ਭਗਵਾਨ ਨਰਸਿੰਘ ਉਸਦੇ ਸਾਮ੍ਹਣੇ ਆ ਖਲੋਤੇ। ਉਹਨਾਂ ਦਾ ਰੂਪ ਬੜਾ ਭੈ-ਦਾਇਕ ਸੀ। ਅੱਗ ਵਿਚ ਤਪਾਏ ਸੋਨੇ ਵਾਂਗ ਚਮਕਦੀਆਂ ਪੀਲੀਆਂ ਅੱਖਾਂ ,ਚਮਕਦੇ ਵਾਲਾਂ ਨਾਲ ਭਰੇ ਹੋਏ ਮੂੰਹ ਅਤੇ ਗਰਦਨ ਤਲਵਾਰਾਂ ਵਾਂਗ ਤਿੱਖੀ, ਮੂੰਹ ਤੋਂ ਬਾਹਰ ਨਿਕਲੀ ਹੋਈ ਜੀਭ, ਟੇਢੇ ਭਰਵੱਟੇ, ਵਿਸ਼ਾਲ ਖੜੇ ਕੰਨ, ਗੁੱਸੇ ਵਿਚ ਫੁਲਿਆ ਹੋਇਆ ਨੱਕ, ਗੁਫ਼ਾ ਵਰਗਾ ਖੁਲ੍ਹਾ ਮੂੰਹ, ਲੰਬੇ ਜਬਾੜੇ ਤਿੱਖੇ ਅਤੇ ਲੰਬੇ ਦੰਦ, ਚੌੜੀ ਛਾਤੀ, ਪਤਲੀ ਕਮਰ, ਵੱਡੇ ਵੱਡੇ ਨਹੁੰ, ਬਹੁਤ ਹੀ ਵਿਸ਼ਾਲ ਅਤੇ ਭਿਆਨਕ ਸਰੀਰ, ਜੋ ਅੱਧਾ ਸ਼ੇਰ ਦਾ ਤੇ ਅੱਧਾ ਮਨੁੱਖ ਦਾ ਸੀ।

"ਚਕਚਉਧ ਰਹੇ ਜਨ ਦੇਖਿ ਸਬੈ॥
ਨਿਕਸਯੋ ਹਰਿ ਫਾਰਿ ਕਿਵਾਰ ਜਬੈ॥
ਲਕਿ ਦੇਵ ਦਿਵਾਰਿ ਜਬੈ ਥਹਰੇ॥
ਅਵਲੋਕਿ ਚਰਚਰ ਹੂੰਹਿ ਹਿਰੇ॥
ਗਰਜੇ ਨਰਸਿੰਘ ਨਰਾਂਤ ਕਰੰ॥
ਦ੍ਰਿਗ ਰਤ ਕੀਏ ਮੁਖਿ ਸੌਖ ਭਰੰ॥
ਲਖਿ ਦਾਨਵ ਭਾਜ ਚਲੇ ਸਬਹੀ॥
ਗਰਜਯੋ ਨਰਸਿੰਘ ਰਣੰ ਜਬ ਹੀ॥
ਇਕ ਭੂਪਤਿ ਠਾਂਢ ਰਹਯੋ ਰਣ ਮੈਂ॥
ਗਹਿ ਹਾਥਿ ਗਦਾ ਨਿਰਭੈ ਮਨ ਮੈਂ॥

ਡਰ ਦੇ ਮਾਰੇ ਕੋਈ ਵੀ ਸੂਰਮਾ ਭਗਵਾਨ ਦੇ ਨੇੜੇ ਜਾਣ ਦੀ ਹਿੰਮਤ ਨਹੀਂ ਸੀ ਕਰ ਰਿਹਾ। ਜੋ ਨੇੜੇ ਤੇੜੇ ਖੜੇ ਸਨ ਭਗਵਾਨ ਨੇ ਉਹਨਾਂ ਨੂੰ ਆਪਣੇ ਸ਼ਸਤ੍ਰਾਂ ਦੁਆਰਾ ਖਦੇੜ ਸੁੱਟਿਆ। ਮੌਕਾ ਵੇਖਦਿਆਂ ਹੀ ਹਰਿਣਾਖਸ਼ ਸ਼ੇਰ ਵਾਂਗ ਗਰਜਦਾ ਹੋਇਆ ਹੱਥ ਵਿਚ ਗੁਰਜ ਲੈ ਕੇ ਨਰਸਿੰਘ ਉਪਰ ਟੁੱਟ ਪਿਆ। ਕੁਝ ਸਮਾਂ ਭਗਾਵਨ ਨੇ ਵੀ ਉਸ ਨਾਲ ਯੁੱਧ ਲੀਲ੍ਹਾ ਕੀਤੀ। ਅੰਤ ਵਿਚ ਉਹਨਾਂ ਨੇ ਬੜਾ ਉੱਚੀ ਹਾਸਾ ਹੱਸਿਆ ਜਿਸ

ਦੇ ਨਾਲ ਮਾਂਦੇ ਪੈ ਚੁੱਕੇ ਹਰਿਣਾਖਸ਼ ਦੀਆਂ ਅੱਖਾਂ ਬੰਦ ਹੋ ਗਈਆਂ। ਭਗਵਾਨ ਨੇ ਹਰਿਣਾਖਸ਼ ਨੂੰ ਇੰਵ ਦਬੋਚ ਲਿਆ ਜਿਵੇਂ ਸ਼ੇਰ ਮਿਰਗ ਨੂੰ ਫੜ ਲੈਂਦਾ ਹੈ। ਫਿਰ ਉਸ ਨੂੰ ਦਰਵਾਜੇ ਦੀ ਦਹਿਲੀਜ ਉਪਰ ਬੈਠ ਕੇ ਆਪਣੇ ਪੱਟਾਂ ਤੇ ਰੱਖ ਲਿਆ ਅਤੇ ਖੇਡ ਹੀ ਖੇਡ ਵਿਚ ਆਪਣੇ ਤਿੱਖੇ ਨਹੁੰਆਂ ਨਾਲ ਉਸਦਾ ਕਲੇਜਾ ਪਾੜ ਦਿੱਤਾ।

ਯਥਾ:- ਹਰਿਣਾਖਸ਼ ਛੇਦਿਓ ਨਖ ਬਿਦਾਰ॥

ਭਗਵਾਨ ਇਨੇ ਕ੍ਰੋਧ ਵਿਚ ਸਨ ਕਿ ਉਹਨਾਂ ਦੇ ਨੇਤ੍ਰਾਂ ਵੱਲ ਵੇਖਿਆ ਨਹੀਂ ਸੀ ਜਾਂਦਾ। ਉਹਨਾਂ ਨੇ ਹਰਿਣਾਖਸ਼ ਦੇ ਮ੍ਰਿਤਕ ਸਰੀਰ ਨੂੰ ਪੱਟਾਂ ਤੋਂ ਲਾਹ ਕੇ ਪਰ੍ਹੇ ਸੁੱਟ ਦਿੱਤਾ। ਮੂੰਹ ਅਤੇ ਗਰਦਨ ਦੇ ਵਾਲਾਂ ਤੋਂ ਖੂਨ ਦੇ ਛਿੱਟੇ ਝਲਕ ਰਹੇ ਸਨ। ਉਸ ਦੀਆਂ ਆਂਦਰਾਂ ਕੱਢ ਕੇ ਆਪਣੇ ਗਲ ਵਿਚ ਪਾ ਲਈਆਂ।

ਇੰਝ ਲਗਦਾ ਸੀ ਜਿਵੇਂ ਦੋ ਸੂਰਜ ਇਕੱਠੇ ਚੜ੍ਹ ਪਏ ਹੋਣ ਅਤੇ ਬ੍ਰਹਮੰਡ ਦੇ ਸੂਰਜ ਦੀ ਚਮਕ ਨੂੰ ਫਿਕਾ ਪਾ ਰਹੇ ਹੋਣ। ਉਹਨਾ ਦੀ ਸਿੰਘ ਗਰਜ ਨਾਲ ਦਿਗਪਾਲ ਕੰਬ ਗਏ। ਇਸ ਤਰ੍ਹਾਂ ਜਾਪਦਾ ਸੀ ,ਜਿਵੇਂ ਭੁਚਾਲ ਆ ਗਿਆ ਹੋਵੇ। ਹੁਣ ਭਗਵਾਨ ਸਿੰਘਾਸਨ ਤੇ ਬਿਰਾਜਮਾਨ ਹੋ ਗਏ ਸਨ। ਭਗਵਾਨ ਦੇ ਐਸੇ ਕ੍ਰੋਧ ਮਈ ਸਰੂਪ ਨੂੰ ਦੇਖ ਕੇ ਕੋਈ ਵੀ ਆਪ ਦੇ ਨੇੜੇ ਜਾਣ ਦੀ ਹਿੰਮਤ ਨਹੀਂ ਸੀ ਕਰ ਸਕਦਾ। ਕਿਸੇ ਨੂੰ ਕੋਈ ਸਮਝ ਨਹੀਂ ਸੀ ਕਿ ਇਹ ਭਗਵਾਨ ਹੁਣ ਕੀ ਕਰਨਗੇ?

ਦੁਸ਼ਟ ਡਾਰਿਓ ਮਾਰ ਗਰੇ ਆਂਤੈ ਲਈ ਡਾਰ
ਤਊ ਕ੍ਰੋਧ ਕੋ ਨ ਪਾਰ ਕਹਾ ਕੀਓ ਯੌਂ ਵਿਚਾਰ ਹੈਂ॥

ਬ੍ਰਹਮਾ, ਇੰਦ੍ਰ, ਸ਼ਿਵ ਆਦਿ ਦੇਵਗਨ ਰਿਸ਼ੀ ਪਿਤਰ ਸਿੱਧ, ਵਿਦਿਆਧਰ ਗੰਧ੍ਰਵ ਅਪੱਸ਼ਰਾ, ਯੱਖ, ਚਾਰਣ ਅਤੇ ਭਗਵਾਨ ਦੇ ਸਾਰੇ ਪਾਰਸ਼ਦ ਭਗਵਾਨ ਦੇ ਸਨਮੁਖ ਹਾਜਿਰ ਹੋਏ। ਥੋੜੀ ਦੂਰ ਖੜੋ ਕੇ ਨਰਸਿੰਘ ਭਗਵਾਨ ਦੀ ਉਸਤਤਿ ਦੇ ਗੀਤ ਗਾਉਣ ਲਗੇ। ਪਰ ਭਗਵਾਨ ਦਾ ਕ੍ਰੋਧ ਰਤਾ ਭੀ ਸ਼ਾਂਤ ਨਾ ਹੋਇਆ। ਡਰੇ ਹੋਏ ਦੇਵਤਿਆਂ ਨੇ ਲਛਮੀ ਜੀ ਨੂੰ ਅਰਜ਼ ਕੀਤੀ, "ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ॥ ਪ੍ਰਤੂੰ - ਲਖਿਮੀ ਭਉ ਕਰੈ ਨ ਸਾਕੈ ਜਾਇ॥ ਫਿਰ ਬ੍ਰਹਮਾ ਜੀ ਨੇ ਪ੍ਰਹਿਲਾਦ ਨੂੰ ਆਖਿਆ, ਬੇਟਾ ਤੇਰੇ ਕਾਰਣ ਹੀ ਤੇਰੇ ਪਿਤਾ ਉਪਰ ਭਗਵਾਨ ਨਰਾਜ਼ ਹੋਏ ਹਨ, ਇਸ ਲਈ ਤੂੰ ਉਹਨਾਂ ਦਾ ਕਰੋਧ ਸ਼ਾਂਤ ਕਰ। ਪ੍ਰਹਿਲਾਦ ਜੋ ਆਗਿਆ ਕਰ ਹੱਥ ਜੋੜ ਕੇ ਭਗਵਾਨ ਦੇ ਚਰਨਾਂ ਵੱਲ ਵਧਿਆ ਅਤੇ ਅਸ਼ਟਾਂਗ ਬੰਦਨਾ ਕੀਤੀ। ਆਪਣੇ ਸੁਕੋਮਲ ਜਿਹੇ ਬਾਲ ਭਗਤ ਨੂੰ ਆਪਣੇ ਚਰਨਾਂ ਵਿਚ ਦੰਡਵਤ ਹੁੰਦਾ ਵੇਖ ਕੇ ਭਗਵਾਨ ਦਇਆ ਦੇ ਘਰ ਵਿਚ ਆ ਗਏ, ਪ੍ਰਹਿਲਾਦ ਨੂੰ ਚੁਕ ਕੇ ਆਪਣੇ ਗਲ ਨਾਲ ਲਾ ਲਿਆ, ਗੋਦ ਵਿਚ ਬਿਠਾ ਕੇ ਸਿਰ ਤੇ ਹੱਥ ਫੇਰ ਕੇ ਪਿਆਰ ਕੀਤਾ। ਪ੍ਰਿਥਾਦਾਸ ਜੀ ਲਿਖਦੇ ਹਨ,-

ਡਰੇ ਸ਼ਿਵ ਅਜ ਆਦਿ, ਦੇਖਿਓ ਨਹੀ ਕ੍ਰੋਧ
ਐਸੋ ਆਵਤਨ ਢਿਗ ਕੋਊ ਲਛਮੀ ਹੂੰ ਤ੍ਰਾਸ ਹੈ॥
ਤਬ ਤੋ ਪਠਾਣੋ ਪ੍ਰਹਿਲਾਦ ਅਹਿਲਾਦ ਮਹਾ
ਅਹੋ ਭਗਤਿ ਭਾਵ ਪਗਯੋ ਆਯੋ ਪ੍ਰਭੁ ਪਾਸ ਹੈ॥
ਗੋਦ ਮੈ ਉਠਾਇ ਲੀਓ, ਸੀਸ ਪਰ ਹਾਥ ਦੀਓ,
ਹਿਯੋ ਹੁਲਸਾਯੋ ਕਹੀ ਬਾਨੀ ਬਿਨੈ ਰਾਸ ਹੈ॥
ਆਈ ਜਗ ਦਇਆ ਲਗ ਪਰਯੋ ਨਰਸਿੰਘ ਜੂ ਕੋ
ਅਰਯੋ ਯੋਂ ਛੁਟਾਵੋ ਕਰਯੋ ਮਾਯਾ ਗਿਆਨ ਨਾਸ ਹੈ॥

ਭਗਤ ਪ੍ਰਹਿਲਾਦ ਨੇ ਸ੍ਰੀ ਹਰੀ ਜੀ ਦੇ ਹਜ਼ੂਰ ਭਾਵ ਪੂਰਨ ਹਿਰਦੇ ਸਹਿਤ ਪ੍ਰੇਮ ਬਾਣੀ ਨਾਲ ਉਹਨਾਂ ਦੀ ਉਸਤਤਿ ਕੀਤੀ। ਹੇ ਭਗਵਾਨ,

ਦਸ ਗੁਨ ਸੰਜਤ ਜੋ ਦਿਜ ਹੋਈ।
ਭਗਤਿ ਬਿਹੀਨ ਪ੍ਰਸੀਦ ਨ ਕੋਈ॥
ਦਸ ਗੁਨ ਹੀਨ ਜਿ ਅਹੈ ਚੰਡਾਲਾ॥
ਪ੍ਰੇਮ ਭਗਤਿ ਮਹਿ ਮਗਨ ਬਿਸਾਲਾ॥
ਤਿਹ ਸਮ ਤੁਮਕੋ ਅਪਰ ਨ ਪਯਾਰਾ ॥
ਇਹ ਨਿਰਨੈ ਮੋ ਰਿਦੈ ਬਿਚਾਰਾ॥
ਦਿਜ ਕੁਲ ਮਾਨ ਭਰੇ ਉਰ ਭਾਰੀ॥
ਭਗਤਿ ਹੀਨ ਗੁਣ ਆਘ ਅਨੁਹਾਰੀ॥
ਨੀਚ ਜਾਤਿ ਤਜ ਕਰਿ ਮਨ ਮਾਨਾ ॥
ਤੁਮਰੇ ਸੇਵਹਿ ਚਰਨ ਮਹਾਨਾ॥
ਸੋ ਪਾਵਨ ਹ੍ਵੈ ਕਰਿ ਸਰਬੰਗਾ॥
ਔਰਨ ਕਰੇ ਕਰਹਿ ਅਘ ਭੰਗਾ॥

ਭਗਵਾਨ ਨਿੱਜ ਮਹਿਮਾ ਸੁਣ ਕੇ ਅਤਿਅੰਤ ਪ੍ਰਸੰਨ ਹੋਏ ਅਤੇ ਸਹਿਜੇ ਹੀ ਆਪ ਦਾ ਕ੍ਰੋਧ ਸ਼ਾਂਤ ਹੋ ਗਿਆ। ਪ੍ਰੇਮ ਵਿਚ ਭਰ ਕੇ ਭਗਵਾਨ ਪ੍ਰਸੰਨਤਾ ਪੂਰਵਕ ਬਚਨ ਕੀਤਾ, ਪਿਆਰੇ ਪ੍ਰਹਿਲਾਦ ਤੇਰਾ ਕਲਿਆਣ ਹੋ ਗਿਆ, ਮੈਂ ਤੇਰੇ ਤੇ ਅਤੀ ਪ੍ਰਸੰਨ ਹਾਂ, ਜੋ ਇੱਛਾ ਹੋਵੇ ਵਰ ਮੰਗ ਲੈ, ਮੈਂ ਤੈਨੂੰ ਹਰ ਵਸਤੂ ਦੇਣ ਲਈ ਤਿਆਰ ਹਾਂ।

ਹੇ ਭਗਵਾਨ ! ਜੇ ਆਪ ਜੀ ਤੁੱਠੇ ਹੋ ਤਾਂ ਕਿਰਪਾ ਕਰਕੇ ਇਹ ਵਰ ਦਿਓ ਕਿ ਮੇਰੇ ਅੰਦਰ ਕਦੀ ਕਾਮਨਾ ਦਾ ਬੀਜ ਪੈਦਾ ਨਾ ਹੋਵੇ।

ਨਰਸਿੰਘ ਭਗਵਾਨ ਨੇ ਕਿਰਪਾ ਪੂਰਵਕ ਵਰ ਮੰਗਣ ਦਾ ਦੁਬਾਰਾ ਹੁਕਮ ਕੀਤਾ ਤਾਂ ਪ੍ਰਹਿਲਾਦ ਨੇ ਆਖਿਆ, ਹੇ ਪ੍ਰਭੂ ! ਮੇਰੇ ਪਿਤਾ ਨੇ ਆਪ ਜੀ ਨੂੰ ਆਪਣੇ ਭਰਾ ਦਾ ਨਾਸ਼ ਕਰਤਾ ਮੰਨ ਕੇ ਆਪ ਜੀ ਨਾਲ ਅਤੇ ਮੇਰੇ ਨਾਲ ਜੋ ਵਿਰੋਧ ਕੀਤਾ ਹੈ ਉਹ ਕਿਰਪਾ ਕਰਕੇ ਮੁਆਫ ਕਰ ਦਿਓ। ਹੇ ਪ੍ਰਭੂ ! ਜੇ ਮੇਰੇ ਮਨ

ਵਿਚ ਮੈਨੂੰ ਦੁੱਖ ਦੇਣ ਵਾਲਿਆਂ, ਦੈਂਤਾਂ ਸ਼ੇਰਾਂ, ਸੱਪਾਂ, ਹਾਥੀਆਂ, ਆਦਿਕ ਲਈ ਕੋਈ ਦਵੈਤ ਭਾਵਨਾ ਨਹੀਂ ਹੈ ਤਾਂ ਮੇਰੀ ਬੇਨਤੀ ਮੰਨ ਕੇ ਮੇਰੇ ਕੁਲ ਦਾ ਕਲਿਆਣ ਕਰ ਦਿਓ। ਭਗਵਾਨ "ਤਥਾ ਅਸਤੂ" ਕਹਿ ਕੇ ਪ੍ਰਹਿਲਾਦ ਨੂੰ ਜਗਤ ਵਿਚ ਰੋਸ਼ਨ ਕਰਦੇ ਅਲੋਪ ਹੋ ਗਏ।

ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥

ਇਹ ਨਾਮ ਦੀ ਵਡਿਆਈ ਹੈ ਕਿ ਧਰਮ ਦੇ ਕਰਮ ਕਾਂਡਾਂ ਬਾਰੇ ਕੁਝ ਭੀ ਨਾ ਜਾਨਣ ਵਾਲੇ ਪ੍ਰਹਲਾਦ ਨੂੰ ਪ੍ਰਭੂ ਆਪਣੇ ਚਰਨਾ ਨਾਲ ਜੋੜ ਲਿਆ।

ਜੁਗਿ ਜੁਗਿ ਭਗਤਾ ਕੀ ਰਖਦਾ ਆਇਆ॥
ਦੈਤ ਪੁਤੁ ਪ੍ਰਹਲਾਦੁ ਗਾਇਤ੍ਰੀ ਤਰਪਣੁ
ਕਿਛੁ ਨ ਜਾਣੈ ਸਬਦੇ ਮੇਲਿ ਮਿਲਾਇਆ॥

ਹੋਲੀ ਦਾ ਤਿਉਹਾਰ ਬੇਸ਼ੱਕ ਮੁਲਤਾਨ ਸ਼ਹਿਰ ਵਿੱਚ ਘਟੀ ਇਸ ਘਟਨਾ ਤੋਂ ਬਾਅਦ ਹੀ ਮਨਾਇਆ ਜਾਣ ਲੱਗ ਪਿਆ ਸੀ, ਪਰ ਇਸ ਨੂੰ ਖੁਸ਼ੀਆਂ ਅਤੇ ਰੰਗਾਂ ਦੇ ਤਿਉਹਾਰ ਕਰਕੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਸਮੇਂ ਤੋਂ ਹੀ ਜਾਣਿਆ ਅਤੇ ਮਨਾਇਆ ਜਾਣ ਲੱਗਾ। ਸ੍ਰੀ ਦਸ਼ਮੇਸ਼ ਜੀ  ਕ੍ਰਿਸ਼ਨਾ ਅਵਤਾਰ ਵਿੱਚ ਇਸ ਤਰ੍ਹਾਂ ਜ਼ਿਕਰ ਕਰਦੇ ਹਨ:-

ਮਾਘ ਬਤੀਤ ਭਏ, ਰੁਤਿ ਫਾਗੁਨ ਆਇ ਗਈ,
ਸਭ ਖੇਲਤ ਹੋਰੀ॥
ਗਾਵਤ ਗੀਤ, ਬਜਾਵਤ ਤਾਲ,
ਕਹੈ ਮੁਖ ਤੇ ਤਰੂਆ ਮਿਲਿ ਜੋਰੀ॥
ਤਾਰਤ ਹੈਂ ਅਲਿਤਾ ਬਨਿਤਾ,
ਛਟਕਾ ਸੰਗ ਅਰਤ, ਬੈਸਨ ਥੋਰੀ॥
ਖੇਲਤ ਸਯਾਮ ਧਅਰ ਅਨੂਪ ਮਹਾ,
ਮਿਲਿ ਸੁੰਦਰ ਸਾਂਵਲ ਗੋਰੀ॥

ਹੌਲੀ-ਹੌਲੀ ਪਿਆਰ ਅਤੇ ਖੁਸ਼ੀ ਦੀ ਬਜਾਏ ਇਹ ਤਿਉਹਾਰ ਨਿਰੋਲ ਐਸ਼ੋ-ਇਸ਼ਰਤ ਦਾ ਬਣ ਗਿਆ। ਜਿੱਤ ਦੀ ਥਾਂ ਜ਼ੁਲਮ ਜ਼ਬਰ ਨੇ ਅਤੇ ਅਨੰਦ ਦੀ ਥਾਂ ਬੇ-ਅਣਖੀ ਨੇ ਮੱਲ ਲਈ। ਭਾਰਤ ਗੈਰਾਂ ਦੇ ਕਬਜੇ ਵਿਚ ਆ ਗਿਆ। ਇਸ ਸਥਿਤੀ ਨੂੰ ਮੱਦੇ ਨਜ਼ਰ ਰੱਖ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਮਹੱਲੇ ਦਾ ਰੂਪ ਦੇ ਕੇ ਗੈਰਤ ਅਤੇ ਸੂਰਬੀਰਤਾ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ। ਮਹਾਨ ਕੋਸ਼ ਵਿੱਚ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ 'ਮਹੱਲਾ' ਸ਼ਬਦ ਦਾ ਅਰਥ ਕਰਦੇ ਹੋਏ ਲਿਖਦੇ ਹਨ:-

'1. ਮਹੱਲਾ ਸੰਗਯਾ- ਜਿਸ ਥਾਂ ਨੂੰ ਫਤੇ ਕਰਕੇ ਜਾ ਉਤਰੀਏ, ਹਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ।

2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਯੁੱਧ ਵਿਦਿਆ ਵਿਚ ਨਿਪੁਨ ਕਰਨ ਲਈ ਚੇਤ ਵਦੀ 1 ਨੂੰ ਮਸਨੂਟੀ ਜੰਗ ਦੇ ਅਭਯਾਸ ਦਾ ਦਿਨ ਠਹਿਰਾ ਦਿੱਤਾ। ਇਸ ਦਿਨ ਇਕ ਹਮਲੇ ਲਈ ਨਿਯਤ ਕਰਕੇ ਦੋ ਦਲ ਬਣਾਏ ਜਾਂਦੇ ਸਨ, ਜਿਨ੍ਹਾਂ ਦੇ ਸਰਦਾਰ ਚੁਣਵੇਂ ਸਿੰਘ ਹੋਇਆ ਕਰਦੇ। ਜੋ ਇਕ ਦਲ ਦਾ ਵਾਰ ਰੋਕ ਕੇ ਚਤੁਰਾਈ ਨਾਲ ਖਾਸ ਥਾਂ ਪਰੁ ਕਬਜਾ ਕਰ ਲੈਂਦਾ, ਉਹ ਜਿਤਿਆ ਸਮਝੀਦਾ ਸੀ।'

ਹੋਲੇ ਮਹੱਲੇ ਦਾ ਆਰੰਭ  ਚੇਤ ਵਦੀ 1 (16 ਚੇਤਰ ) 1757 ਬਿਕ੍ਰਮੀ ਮੁਤਾਬਿਕ 1701 ਈ: ਦਾ 14 ਮਾਰਚ (ਜੂਲੀਅਨ ਕੈਲੰਡਰ ਅਨੁਸਾਰ) ਸ਼ੁੱਕਰਵਾਰ ਸੀ। ਪਰ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਦਸੰਬਰ 1704 ਵਿਚ ਆਨੰਦਪੁਰ ਸਾਹਿਬ ਦਾ ਕਿਲ੍ਹਾ ਛਡਣਾ ਪਿਆ। ਇਸ ਤਰ੍ਹਾਂ ਆਪ ਕੇਵਲ ਚਾਰ ਕੁ ਹੋਲੇ ਮਹੱਲੇ ਹੀ ਕਰ ਸਕੇ।

ਇਸਤੋਂ ਉਪਰੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਭੂ-ਪ੍ਰੇਮ ਤੋਂ ਵਿਹੂਣੇ ਜੀਵਾਂ ਨੂੰ ਨਾਮ ਬਾਣੀ ਦੀ ਰੰਗਤ ਚਾੜ੍ਹਨ ਵਾਸਤੇ 1866 ਤੋਂ ਹੋਲੇ ਮਹੱਲੇ ਦੀ ਪ੍ਰੰਪਰਾ ਨੂੰ ਮੁੜ ਕਾਇਮ ਕੀਤਾ। ਆਪ ਜੀ ਨੇ ਕੇਵਲ 6 ਹੋਲੇ ਹੀ ਕੀਤੇ ਸਨ ਕਿ ਆਪ ਜੀ ਨੂੰ ਗਊ ਗਰੀਬ ਅਤੇ ਵਤਨ ਦੀ ਆਜ਼ਾਦੀ ਲਈ 18 ਜਨਵਰੀ 1872 ਨੂੰ ਜਲਾਵਤਨ ਹੋਣਾ ਪਿਆ। ਆਪ ਜੀ ਦੇ ਪ੍ਰਦੇਸ ਗਵਨ ਬਾਅਦ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਸਰਕਾਰੀ ਸਖਤੀਆਂ ਦੇ ਬਾਵਜੂਦ 7 ਹੋਲੇ ਮਹੱਲੇ ਕੀਤੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1906 ਤੋਂ 1959 ਤੱਕ 53 ਹੋਲੇ ਮਹੱਲੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖੀ ਪ੍ਰਚਾਰ ਦੇਸ਼ ਵਿਦੇਸ਼ ਵਿੱਚ ਝੁਲਾਇਆ। ਆਪ ਜੀ ਨੇ ਹੋਲੇ ਮਹੱਲੇ ਦੇ ਤਿਉਹਾਰ ਵਿੱਚ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਅਵਤਰਣ ਦਿਨ ਨੂੰ ਸ਼ਾਮਲ ਕਰਕੇ ਇਸ ਦੀ ਸ਼ਾਨ ਨੂੰ ਹੋਰ ਚਾਰ ਚੰਨ ਲਾਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਈ: ਵਿੱਚ ਸ੍ਰੀ ਗੁਰੂ ਨਾਨਕ ਤਖ਼ਤ ਉੱਤੇ ਸੁਭਾਇਮਾਨ ਹੁੰਦਿਆਂ ਸਾਰ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਗਮਨ ਪੁਰਬ ਨੂੰ ਇਸ ਤਿਉਹਾਰ ਵਿਚ ਜੋੜ ਕੇ ਇਸ ਨੂੰ ਤ੍ਰਬੇਣੀ ਪੁਰਬ ਬਣਾ ਦਿੱਤਾ। ਆਪ ਜੀ ਨੇ ਵੀ ਲਗਭਗ 58 ਹੋਲੇ-ਮਹੱਲੇ ਕੀਤੇ। ਆਪ ਜੀ ਦੇ 2012 ਈ: ਵਿਚ ਦੇਹ-ਉਹਲੇ ਤੋਂ ਬਾਅਦ ਜਦ ਤੋਂ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ ਹੈ ਉਦੋਂ ਤੋਂ ਹੋਲੇ ਮਹੱਲੇ ਦੀ ਪਰੰਪਰਾ ਹੋਰ ਵੀ ਸ਼ਾਨੋ ਸ਼ੋਕਤ ਨਾਲ ਨਿਭਾਈ ਜਾ ਰਹੀ ਹੈ। 2019 ਈ: ਦਾ ਇਹ ਆਪ ਜੀ ਦੇ ਗੁਰੂ ਕਾਲ ਦਾ ਸੱਤਵਾਂ ਹੋਲਾ ਮਹੱਲਾ ਹੈ।

❀ **ਨੋਟ:-** ਪੁਰਾਤਨ ਹਿੰਦੂ ਗ੍ਰੰਥਾਂ ਅਤੇ ਸਿੱਖ ਧਰਮ ਗ੍ਰੰਥਾਂ ਵਿਚ ਹਰਨਾਖ਼ਸ਼ ਅਤੇ ਹਿਰਣਕਸ਼ਯਪ ਦੇ ਨਾਮ ਆਪਸ ਵਿਚ ਬਦਲੇ ਹੋਏ ਹਨ। ਹਿੰਦੂ ਧਰਮ ਗ੍ਰੰਥ ਅਨੁਸਾਰ ਪ੍ਰਹਿਲਾਦ ਦਾ ਪਿਤਾ ਹਰਨਾਖ਼ਸ਼ ਨਹੀਂ ਹਿਰਣਕਸ਼ਯਪ ਹੈ।

# ਵਿਦਵਤਾ ਅਤੇ ਨਿਮਰਤਾ ਦੇ ਸਾਗਰ, ਮਹਾਨ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ

– ਡਾ. ਲਖਵੀਰ ਸਿੰਘ ਰਾਮਪੁਰਾ ਫੂਲ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਮਹਾਨ ਵਿਦਵਾਨ, ਮਹਾਨ ਖੋਜੀ ਇਤਿਹਾਸਕਾਰ, ਨਿਮਰਤਾ ਅਤੇ ਸਾਦਗੀ ਦੇ ਪੁੰਜ, ਵਿਦਵਤਾ ਦੇ ਸਾਗਰ ਇੱਕ ਰੱਬੀ ਰੂਹ ਮਹਾਂਪੁਰਸ਼ ਸਨ। ਉਹਨਾਂ ਦਾ ਸਿੱਖ ਜਗਤ ਦੀਆਂ ਸਮੁੱਚੀਆਂ ਸੰਪ੍ਰਦਾਵਾਂ ਨਾਲ ਗੂੜ੍ਹਾ ਅਤੇ ਨੇੜਲਾ ਸੰਬੰਧ ਸੀ। ਮਿੱਠ-ਬੋਲੜੀ ਬੋਲੀ ਅਤੇ ਹਲੀਮੀ ਦੇ ਇਹ ਦਰਿਆ ਪਿਤਾ ਪਹਿਲਵਾਨ ਸ. ਬੱਗਾ ਸਿੰਘ ਅਤੇ ਮਾਤਾ ਵੀਰ ਕੌਰ ਜੀ ਦੇ ਗ੍ਰਹਿ ਵਿਖੇ 25 ਜੂਨ 1933 ਈ.ਨੂੰ ਜਨਮੇ ਕੋਠਾ ਗੁਰੂ ਜੀ ਬਾਬਾ ਖੁਮਾਰੀ ਦੀ ਗਿਆਰਵੀਂ ਵੰਸ਼ ਸਨ। ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਇਸ ਗੂੜ੍ਹ ਗਿਆਨੀ ਪੁਰਸ਼ ਨੇ ਸਾਧੂ, ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿੱਚ ਰਹਿ ਕੇ ਬ੍ਰਿਜ ਭਾਸ਼ਾ, ਹਿੰਦੀ, ਗੁਰਮੁਖੀ, ਸੰਸਕ੍ਰਿਤ ਅਤੇ ਉਰਦੂ ਦੀ ਵਿਦਿਆ ਲੈ ਕੇ ਪੁਰਾਤਨ ਗ੍ਰੰਥਾਂ, ਵੇਦਾਂ, ਸ਼ਾਸ਼ਤਰਾਂ, ਉਪਨਿਸ਼ਦਾਂ, ਗੀਤਾ, ਰਮਾਇਣ, ਦਸਮ ਗ੍ਰੰਥ, ਗੁਰਬਾਣੀ ਦਾ ਅਧਿਐਨ ਕੀਤਾ। ਭਾਰਤੀ ਫਲਸਫੇ ਅਤੇ ਸਿੱਖ ਇਤਿਹਾਸ ਨੂੰ ਫਰੋਲਿਆ।

ਚੰਗੇ ਸਮਾਜ ਦੀ ਸਿਰਜਨਾ ਲਈ ਆਪ ਜੀ ਅੰਦਰ ਲਟ-ਲਟ ਕਰਦੀ ਮਿਸਾਲ ਬਲਣ ਲੱਗ ਪਈ। ਪੰਜਾਬੀ ਸੂਬੇ ਦੇ ਮੋਰਚੇ ਅਤੇ ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ ਦੌਰਾਨ ਆਪ ਨੇ ਜੇਲ੍ਹਾਂ ਵੀ ਕੱਟੀਆਂ। ਸਿਆਸਤ ਵਿੱਚ ਸਰਗਰਮ ਹੋ ਕੇ ਆਪ ਨੇ ਪਿੰਡ ਕੋਠਾ ਗੁਰੂ ਦੀ ਸਰਪੰਚੀ ਵੀ ਕੀਤੀ। ਪਰ ਜਲਦੀ ਹੀ ਗੰਧਲੀ ਸਿਆਸਤ ਤੋਂ ਪਾਸਾ ਵੱਟ ਕੇ ਆਪ ਇਤਿਹਾਸਿਕ ਖੋਜਾਂ ਅਤੇ ਲਿਖਤਾਂ ਵਿੱਚ ਲੀਨ ਹੋ ਗਏ। 1966 ਈ. ਵਿੱਚ ਆਪ ਨੇ ਗਿਆਨੀ ਪਾਸ ਕੀਤੀ। ਨਿਰਮਲੇ ਸੰਪ੍ਰਦਾਇ ਨਾਲ ਜੁੜੀ ਇਸ ਮਾਣਮੱਤੀ ਸਖਸ਼ੀਅਤ ਨੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਦੀ ਪੂਰਨ ਖੋਜਕੀਤੀ ਅਤੇ ਤਸਵੀਰਾਂ ਸਹਿਤ ਹਜ਼ਾਰਾਂ ਸਫਿਆਂ ਦੇ ਵੱਡੇ ਗ੍ਰੰਥ ਛਾਪੇ। ਆਪ ਜੀ "ਨਿਰਮਲ ਪੰਚਾਇਤੀ ਅਖਾੜਾ" ਦੇ ਆਲ ਇੰਡੀਆ ਦੇ ਜਨਰਲ ਸਕੱਤਰ ਸਨ। ਭਾਰਤੀ ਫਲਸਫੇ, ਸਿੱਖ ਇਤਿਹਾਸ ਅਤੇ ਗੁਰਬਾਣੀ ਦਾ ਅਧਿਐਨ ਕਰਕੇ ਆਪਣੇ ਸਿੱਖ ਪੰਥ ਵਿੱਚ ਚਾਰ ਤਖਤਾਂ ਦੀ ਹੀ ਮਾਨਤਾ ਸੀ। ਤਲਵੰਡੀ ਸਾਬੋ ਨੂੰ ਪੰਜਵੇਂ ਤਖਤ ਵਜੋਂ ਪ੍ਰਵਾਨ ਨਹੀਂ ਸੀ ਕੀਤਾ ਜਾ ਰਿਹਾ ਤਾਂ ਗਿਆਨੀ ਜੀ ਨੇ ਇਤਿਹਾਸਕ ਪ੍ਰਮਾਣਾਂ ਸਹਿਤ 1959 ਈ. ਵਿੱਚ ਇੱਕ "ਦਮਦਮਾ ਗੁਰੂ ਕੀ ਕਾਸ਼ੀ" ਨਾਮੀ ਪੁਸਤਕ ਲਿਖੀ। ਇਸ ਪੁਸਤਕ ਤੋਂ ਬਾਅਦ ਹੀ ਤਲਵੰਡੀ ਸਾਬੋ "ਤਖਤ ਸ੍ਰੀ ਦਮਦਮਾ ਸਾਹਿਬ" ਪੰਜਵੇਂ ਤਖਤ ਵਜੋਂ ਸਥਾਪਤ ਹੋਇਆ। ਉਹਨਾਂ ਦੇ ਕੀਤੇ ਮਹਾਨ ਕਾਰਜਾਂ ਲਈ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਵੱਲੋਂ ਉਹਨਾਂ ਨੂੰ "ਅਭਿਨੰਦਨ ਪੱਤਰਾਂ" ਨਾਲ ਸਨਮਾਨਿਤ ਵੀ ਕੀਤਾ ਗਿਆ। ਗਿਆਨੀ ਬਲਵੰਤ ਸਿੰਘ ਜੀ ਇੱਕ ਚੋਟੀ ਦੇ ਸੰਸਕ੍ਰਿਤ, ਪੰਜਾਬੀ ਅਤੇ ਪੁਰਾਤਨ ਠੇਠ ਭਾਸ਼ਾਵਾਂ ਦੇ ਇੱਕ ਬਾ-ਕਮਾਲ ਕਥਾਵਾਚਕ ਵੀ ਸਨ। ਆਪ ਜੀ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਅਨੇਕਾਂ ਹੀ ਸੰਸਥਾਵਾਂ ਵੱਲੋਂ ਵੱਡੇ ਵੱਡੇ ਮਾਣ ਸਨਮਾਨ ਮਿਲੇ। ਆਪ ਜੀ ਨੂੰ ਪੰਜਾਬ ਸਰਕਾਰ ਵੱਲੋਂ ਪੰਜ ਕੱਲ਼ ਰੁਪਿਆ ਅਤੇ "ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ" ਦੇ ਕੇ ਸਨਮਾਨਿਤ ਕੀਤਾ ਗਿਆ।

ਸੰਤ ਅਤਰ ਸਿੰਘ ਮਸਤੂਆਣਾ, ਪਿਆਰਾ ਸਿੰਘ ਪਦਮ, ਸੰਤ ਸਿਪਾਹੀ ਵਿਸਾਖਾ ਸਿੰਘ ਵਰਗੇ ਮਹਾਨ ਵਿਅਕਤੀਆਂ ਨਾਲ ਆਪ ਜੀ ਦੇ ਮਿੱਤਰਤਾ ਵਾਲੇ ਸੰਬੰਧ ਸਨ। ਪੰਡਿਤ ਕਰਤਾਰ ਸਿੰਘ ਦਾਖਾ ਆਪ ਜੀ ਦੇ ਸੰਸਕ੍ਰਿਤ ਦੇ ਅਧਿਆਪਕ ਸਨ। "ਸਭੈ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੇ ਗੁਰਬਾਣੀ ਦੇ ਮਹਾਂਵਾਕ ਅਨੁਸਾਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦਾ ਸਾਰੀਆਂ ਹੀ ਸੰਪ੍ਰਦਾਵਾਂ, ਸਾਧੂ ਮਹਾਤਮਾਵਾਂ, ਗੁਰੂ ਨਾਨਕ ਨਾਮਲੇਵਾ ਸਿੱਖ ਸੰਸਥਾਵਾਂ ਨਾਲ ਗੂੜ੍ਹਾ ਪਿਆਰ ਸੀ ਅਤੇ ਨਾਮਧਾਰੀ ਸੰਪ੍ਰਦਾਇ ਪ੍ਰਤੀ ਆਪ ਜੀ ਦਾ ਰੂਹ ਦੀਆਂ ਡੂੰਘਾਈਆਂ ਤੋਂ ਸਤਿਕਾਰ ਅਤੇ ਸਨੇਹ ਸੀ। ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਆਪ ਜੀ ਦੀ ਅਥਾਹ ਅਰਧਾ ਸੀ। ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੇਕਾਂ ਵਾਰ ਕੋਲ ਬੈਠ ਕੇ ਦਰਸ਼ਨ ਕੀਤੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਪ ਜੀ ਉਚੇਚੇ ਤੌਰ ਤੇ ਭੈਣੀ ਸਾਹਿਬ ਮੇਰੇ ਨਾਲ ਗਏ ਅਤੇ ਆਪਣਾ ਪ੍ਰਕਾਸ਼ਿਤ ਕੀਤਾ ਗ੍ਰੰਥ "ਗੁਰੂ ਗਿਰਾਰਥ ਕੋਸ਼" ਜੋ ਪੰਡਿਤ ਤਾਰਾ ਸਿੰਘ ਨਿਰੋਤਮ ਦਾ ਲਿਖਿਆ ਹੋਇਆ ਹੈ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਕੇ ਆਏ। ਅਮਰ ਭਾਰਤੀ ਅਤੇ ਪ੍ਰੀਤਮ ਸਿੰਘ ਕਵੀ ਆਪ ਜੀ ਦੇ ਗੂੜ੍ਹੇ ਮਿੱਤਰ ਸਨ। ਆਪ ਜੀ ਨੇ ਨਾਮਧਾਰੀ ਸੰਪ੍ਰਦਾਇ ਲਈ ਵੀ ਲਿਖਿਆ। ਸਾਲਾਨਾ ਬਸੰਤ ਅੰਕਾਂ ਵਿੱਚ ਆਪ ਜੀ ਦੀਆਂ ਲਿਖਤਾਂ ਛਪਦੀਆਂ ਰਹੀਆਂ। ਮਾਘ 2013 ਬਿਕਰਮੀ ਸੰਮਤ (1956 ਈ.) ਦੇ ਬਸੰਤ ਅੰਕ ਵਿੱਚ ਮਲੇਰਕੋਟਲੇ ਦੇ ਸ਼ਹੀਦਾਂ ਪ੍ਰਤੀ ਉਹਨਾਂ ਦੀ ਕਵਿਤਾ ਛਪੀ ਜਿਸਦੇ ਕੁਝ ਸ਼ਬਦ ਇਹ ਹਨ-

ਇਹ ਧਰਤੀ ਮਹਾਂ ਪਵਿੱਤਰ ਹੈ,

ਜਿੱਥੇ ਡਿੱਗੀ ਰੱਤ ਸ਼ਹੀਦਾਂ ਸੀ।
ਏਥੇ ਹਿੰਦ ਆਜ਼ਾਦੀ ਦੇ ਆਸ਼ਕਾਂ ਨੇ,
ਸੀ ਹੋਲੀ ਖੇਡੀ ਉਮੀਦਾਂ ਦੀ।
ਉਹ ਰੱਬੀ ਰੂਹਾਂ ਆਈਆਂ ਸਨ,
ਲੀਲ੍ਹਾ ਉਹਨਾਂ ਦੀ ਬੇਅੰਤ ਸਿੰਘਾ।
ਏਹ ਸ਼ਰਧਾਂਜਲੀ ਲੇਖਕ ਦੀ,
ਮਨਜ਼ੂਰ ਹੋਇ ਬਲਵੰਤ ਸਿੰਘਾ।

ਮਲਵਈ ਪੰਜਾਬੀ ਸੱਥ ਦੇ ਸੰਚਾਲਕ ਵਜੋਂ ਮੇਰਾ ਉਹਨਾਂ ਨਾਲ ਵਾਹ ਵਾਸਤਾ 2009 ਈ.ਵਿੱਚ ਪਿਆ। ਮਲਵਈ ਪੰਜਾਬੀ ਸੱਥ ਦੇ ਸਾਰੇ ਹੀ ਸੰਗੀ ਬੇਲੀਆਂ ਦੁਆਰਾ ਅਸੀਂ ਉਹਨਾਂ ਨੂੰ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ ਦੇ ਕੇ 2 ਫਰਵਰੀ 2009 ਈ. ਨੂੰ ਸਨਮਾਨਿਤ ਕੀਤਾ। ਉਸ ਤੋਂ ਬਾਅਦ ਉਹਨਾਂ ਮੇਰੀਆਂ ਦੋਵੇਂ ਪੁਸਤਕਾਂ "ਚੱਲ ਮਾਲਵੇ ਦੇਸ਼ ਨੂੰ ਚੱਲੀਏ" ਅਤੇ "ਜਿੱਥੇ ਕਿੱਕਰਾਂ ਨੂੰ ਅੰਬ ਲੱਗਦੇ" ਲਈ ਵੱਡਾ ਸਹਿਯੋਗ ਅਤੇ ਅਸ਼ੀਰਵਾਦ ਦਿੱਤਾ। ਮੇਰੀ ਪਹਿਲੀ ਪੁਸਤਕ ਲਈ ਉਹਨਾਂ "ਮਾਲਵੇ ਦੀਆਂ ਸਾਧੂ ਸੰਪ੍ਰਦਾਵਾਂ" ਦੇ ਸਿਰਲੇਖ ਹੇਠ ਬਹੁਤ ਵਿਸਥਾਰ ਨਾਲ ਖੋਜ ਭਰਪੂਰ ਇੱਕ ਵੱਡੀ ਲਿਖਤ ਲਿਖੀ ਜਿਸ ਵਿੱਚ ਉਹ ਆਪਣੀ ਕਲਮ ਤੋਂ ਨਾਮਧਾਰੀ ਸੰਪ੍ਰਦਾ ਪ੍ਰਤੀ ਲਿਖਦੇ ਹਨ-

"19ਵੀਂ ਸਦੀ ਦੇ ਅਵਤਾਰ ਅਨੰਤ ਸ੍ਰੀ ਵਿਭੂਸ਼ਤ ਪੂਜਯ ਚਰਨ ਬਾਬਾ ਰਾਮ ਸਿੰਘ ਜੀ ਮਹਾਰਾਜ ਜੀ ਨੇ ਗੁਰਬਾਣੀ ਅਤੇ ਗੁਰਸਿੱਖੀ ਦਾ ਪ੍ਰਚਾਰ ਕੀਤਾ। ਬਾਬਾ ਜੀ ਨੇ ਆਪਣੇ ਇੱਕ ਸਿੰਘ, ਭਾਈ ਰਾਇ ਸਿੰਘ ਨੂੰ ਸ੍ਰੀ ਹਜ਼ੂਰ ਸਾਹਿਬ ਭੇਜ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਰਹਿਤ ਮਰਿਯਾਦਾ ਨੂੰ ਮੰਗਵਾਇਆ ਅਤੇ 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ ਵਿੱਚ ਪੰਜ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ ਸਿੱਖ ਸਵੈਮਾਣ ਦਾ ਡੰਕਾ ਵਜਾਇਆ। ਦਰਸ਼ਨਾਂ ਘੋੜ ਸਵਾਰਾਂ ਦੇ ਜੱਥਿਆਂ ਨਾਲ ਆਪ ਪਿੰਡ ਪਿੰਡ ਗਏ। ਪਿੰਡ ਪਿੰਡ ਦਿਵਾਨ ਸਜਾਏ ਅਤੇ ਲੋਕਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਗੁਰਦੁਆਰਿਆਂ, ਧਰਮਸ਼ਾਲਾਵਾਂ ਵਿੱਚ ਬੰਦ ਪਈਆਂ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਦਾ ਮੁੜ ਪ੍ਰਕਾਸ਼ ਕਰਾਇਆ ਅਤੇ ਪੁਜਾਰੀਆਂ ਨੂੰ ਗੁਰਸਿੱਖੀ ਸਿਧਾਂਤਾਂ ਤੇ ਚੱਲਣ ਲਈ ਪ੍ਰੇਰਿਆ।"

ਮੇਰੇ ਵੱਡੇ ਭਾਗ ਹਨ ਕਿ ਮੈਨੂੰ ਉਹਨਾਂ ਨਾਲ ਵਿਚਰਣ ਦਾ ਚੋਖਾ ਸਮਾਂ ਮਿਲਿਆ। ਖੋਜ ਕਾਰਜਾਂ ਲਈ ਵੀ ਮੈਨੂੰ ਉਹਨਾਂ ਨਾਲ ਜਾ ਕੇ ਅਨੇਕਾਂ ਸੰਪ੍ਰਦਾਵਾਂ ਦੇ ਸਾਧੂ ਮਹਾਤਮਾ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਅਕਤੂਬਰ 2017 ਵਿੱਚ ਅਸੀਂ ਸੁਲਤਾਨਪੁਰ ਲੋਧੀ ਵਿਖੇ ਬਾਬਾ ਸੀਚੇਵਾਲ ਜੀ ਦੇ ਆਸ਼ਰਮ ਵਿੱਚ ਕਾਲੀ ਵੇਈਂ ਦੇ ਦਰਸ਼ਨ ਕਰਨ ਵੀ ਗਏ।


2017 ਈ. ਵਿੱਚ ਉਹਨਾਂ ਦਾ 25ਵਾਂ ਗ੍ਰੰਥ "ਗੁਰਬਾਣੀ-ਵੇਦਾਂਤ ਨਿਰਣੈ" ਛਪਿਆ। 15 ਜੁਲਾਈ 2017 ਨੂੰ ਇਹ ਗ੍ਰੰਥ ਉਹਨਾਂ ਸ੍ਰੀ ਭੈਣੀ ਸਾਹਿਬ ਵਿਖੇ ਜਾ ਕੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਭੇਟ ਕੀਤਾ। ਪਾਤਸ਼ਾਹ ਜੀ ਨਾਲ ਗੁਰਬਾਣੀ ਅਤੇ ਵੇਦਾਂਤ ਬਾਰੇ ਬਚਨ ਬਿਲਾਸ ਵੀ ਹੋਏ। ਪਾਤਸ਼ਾਹ ਜੀ ਵੱਲੋਂ ਗਿਆਨੀ ਜੀ ਦਾ ਸਿਰੋਪਾਉ ਅਤੇ ਪੁਸਤਕਾਂ ਦੇ ਕੇ ਸਨਮਾਨ ਕੀਤਾ ਗਿਆ। ਗਿਆਨੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ 2018 ਵਿੱਚ ਇੱਕ ਵੱਡ-ਅਕਾਰੀ ਲਿਖਤ ਵੀ ਲਿਖੀ ਹੈ ਤੇ ਹੁਣ ਉਹਨਾਂ ਮੇਰੇ ਨਾਲ ਵਿਚਾਰ ਕੀਤੀ ਹੋਈ ਸੀ ਕਿ ਜਲਦੀ ਹੀ ਉਹ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਭੂਮੀ ਤੇ ਇੱਕ ਵਿਸਥਾਰ ਪੂਰਵਕ ਲਿਖਤ ਲਿਖਣਗੇ। ਇਹ ਲਿਖਤ ਲਈ ਉਹਨਾਂ ਭੈਣੀ ਸਾਹਿਬ ਜਾ ਕੇ ਹਰ ਇੱਕ ਸਥਾਨ ਦੀ ਮਹੱਤਤਾ ਬਾਰੇ ਖੋਜ ਭਰਪੂਰ ਜਾਣਕਾਰੀ ਲੈ ਕੇ ਸ਼ੁਰੂ ਕਰਨੀ ਸੀ ਪਰ ਉਸ ਤੋਂ ਪਹਿਲਾਂ ਹੀ ਉਹ 27 ਫਰਵਰੀ ਨੂੰ ਕੁਝ ਦਿਨ ਬਿਮਾਰ ਰਹਿਣ ਤੋਂ ਬਾਅਦ ਬ੍ਰਹਮਲੀਨ ਹੋ ਗਏ। ਉਹਨਾਂ ਦੀ ਅੰਤਿਮ ਅਰਦਾਸ 8 ਮਾਰਚ 2019 ਨੂੰ ਪਿੰਡ ਕੋਠਾ ਗੁਰੂ ਕਾ ਦੇ ਗੁੰਗਸਰ ਗੁਰਦੁਆਰਾ ਸਾਹਿਬ ਵਿਖੇ ਹੋਈ।

ਇਹ ਮਹਾਨ ਵਿਦਵਾਨ ਸਮੁੱਚੇ ਸਿੱਖ ਜਗਤ ਅਤੇ ਸਾਧੂ ਸੰਪ੍ਰਦਾਵਾਂ ਦਾ ਥੰਮ ਸੀ। ਇਹਨਾਂ ਦੇ ਜਾਣ ਨਾਲ ਸਾਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਇਸ ਵਿੱਛੜ ਚੁੱਕੀ ਪਾਵਨ ਪਵਿੱਤਰ ਰੂਹ ਦੀ ਅੰਤਿਮ ਅਰਦਾਸ ਵਿੱਚ ਸਾਧੂ ਮਹਾਤਮਾ, ਨਿਰਮਲੇ ਮਹਾਂਪੁਰਸ਼, ਯੂਨੀਵਰਸਿਟੀਆਂ ਦੇ ਵਿਦਵਾਨ, ਉੱਘੇ ਇਤਿਹਾਸਕਾਰ, ਅਕਾਲ ਤਖਤ ਤੋਂ ਗਿਆਨੀ ਹਰਪ੍ਰੀਤ ਸਿੰਘ, ਬਾਬਾ ਪ੍ਰਦੀਪ ਸਿੰਘ ਬੱਧਨੀ ਕਲਾਂ, ਭਾਸ਼ਾ ਵਿਭਾਗ ਦੇ ਡਾਇਰੈਕਟਰ ਚੇਤਨ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਸੰਤ ਬਾਬਾ ਜੋਧ ਸਿੰਘ ਰਿਸ਼ੀਕੇਸ਼, ਪੰਡਿਤ ਗਿਆਨ ਦੇਵ ਸਿੰਘ ਹਰਿਦੁਆਰ, ਤਖਤ ਸ੍ਰੀ ਦਮਦਮਾ ਸਾਹਿਬ ਤੋਂ ਗਿਆਨੀ ਗੁਰਜੰਟ ਸਿੰਘ, ਨਿਰਮਲੇ ਮਹਾਂਪੁਰਸ਼ ਕੰਵਲਜੀਤ ਸਿੰਘ ਸ਼ਾਸ਼ਤਰੀ, ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ, ਹਰਵਿੰਦਰ ਸਿੰਘ ਖਾਲਸਾ ਤੋਂ ਇਲਾਵਾ ਸੈਂਕੜੇ ਉਘੀਆਂ ਸਖਸ਼ੀਅਤਾਂ ਹਾਜ਼ਰ ਸਨ। ਇਸ ਸਮੇਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ੋਕ ਸੰਦੇਸ਼ ਪਹੁੰਚੇ।

ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ ਨਾਮਧਾਰੀ ਦਰਬਾਰ ਵੱਲੋਂ ਸ਼ੋਕ ਸੰਦੇਸ਼ ਭੇਜਿਆ ਗਿਆ। ਇਸ ਸਮੇਂ ਹੋਰ ਸਮੁੱਚੀਆਂ ਸੰਪ੍ਰਦਾਵਾਂ ਅਤੇ ਸੰਸਥਾਵਾਂ ਤੋਂ ਇਲਾਵਾ ਨਾਮਧਾਰੀ ਦਰਬਾਰ ਵਲੋਂ ਵੀ ਉਹਨਾਂ ਦੇ ਸਮੁੱਤਰ ਗਿਆਨੀ ਕੌਰ ਸਿੰਘ ਨੂੰ ਡਾ. ਲਖਵੀਰ ਸਿੰਘ, ਗੁਰਮੁੱਖ ਸਿੰਘ ਸ਼ਾਹ ਅਤੇ ਸੰਤ ਪ੍ਰਦੀਪ ਸਿੰਘ ਰਾਹੀਂ ਦਸਤਾਰ ਅਤੇ ਮਾਲਾ ਭੇਟ ਕੀਤੀ ਗਈ।

**-ਡਾ. ਲਖਵੀਰ ਸਿੰਘ ਰਾਮਪੁਰਾ ਫੂਲ**

3 ਤੋਂ 10 ਫਰਵਰੀ 2019 ਸ੍ਰੀ ਭੈਣੀ ਸਾਹਿਬ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬਦੇ ਸਵਾ ਲੱਖ ਪਾਠਾਂ ਦੇ ਭੋਗਾਂ ਸਮੇਂ–





ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪਾਠ ਪ੍ਰਬੰਧਕ ਸੰਤ ਗੁਰਦਿਆਲ ਸਿੰਘ



ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਆਉਣ ਦਾ ਦ੍ਰਿਸ਼



ਪਾਠਾਂ ਦੇ ਭੋਗਾਂ ਸਮੇਂ



ਹਜੂਰੀ ਰਾਗੀ ਜਥਾ

## 10 ਫਰਵਰੀ 2019 ਸ੍ਰੀ ਭੈਣੀ ਸਾਹਿਬ, ਬਸੰਤ ਪੰਚਮੀਂ ਦੇ ਮੇਲੇ– ਸਵਾ ਲੱਖ ਪਾਠਾਂ ਦੇ ਭੋਗ



ਭੋਗ ਦੇ ਸਮੇਂ ਪਾਠੀ ਸਿੰਘ ਸਲੋਕ ਪੜਦੇ ਹੋਏ




ਸ੍ਰੀ ਸਤਿਗੁਰੂ ਜੀ– ਪਾਠ ਪ੍ਰਬੰਧਕ ਗੁਰਦਿਆਲ ਸਿੰਘ ਨੂੰ ਸਿਰੋਪਾਉ ਬਖਸ਼ਦੇ



ਸੰਤ ਸ਼ਾਮ ਸਿੰਘ ਨੂੰ ਸਿਰੋਪਾਉ ਬਖਸ਼ਿਸ਼



ਸੰਤ ਗੁਰਦੇਵ ਸਿੰਘ ਨੂੰ ਸਿਰੋਪਾਉ ਬਖਸ਼ਿਸ਼



ਸੰਤ ਹਰਕੀਰਤ ਸਿੰਘ ਨੂੰ ਸਿਰੋਪਾਉ ਬਖਸ਼ਿਸ਼

# ਮੇਲਾ ਬਸੰਤ ਪੰਚਮੀ 10 ਫਰਵਰੀ 2019 ਸ੍ਰੀ ਭੈਣੀ ਸਾਹਿਬ



ਸ੍ਰੀ ਸਤਿਗੁਰੂ ਜੀ ਸੁਵਰਨ ਸਿੰਘ ਵਿਰਕ ਰਚਿਤ ਕੂਕਾ ਲਹਿਰ ਦੇ ਅਮਰ ਨਾਇਕ-2 ਪੁਸਤਕ ਰਿਲੀਜ਼ ਕਰਦੇ ਹੋਏ



ਸ੍ਰੀ ਸਤਿਗੁਰੂ ਜੀ- 2019 ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਵਾਲਾ ਕੈਲੰਡਰ ਰਿਲੀਜ਼ ਕਰਦੇ ਹੋਏ









ਮੇਲਾ ਬਸੰਤ ਪੰਚਮੀਂ- ਸਵਾ ਲੱਖ ਪਾਠਾਂ ਦੇ ਭੋਗਾਂ ਸਮੇਂ- ਸੰਗਤਾਂ ਦਾ ਵਿਸ਼ਾਲ ਇਕੱਠ



ਖੱਬਿਓਂ- ਸੰਤ ਗੁਰੂਬਚਨ ਸਿੰਘ, ਸ.ਬਲਬੀਰ ਸਿੱਧੂ ਕੈਬਨਿਟ ਮੰਤ੍ਰੀ, ਸ.ਦਰਸ਼ਨ ਸਿੰਘ ਬਰਾੜ, ਰਾਕੇਸ਼ ਪਾਂਡੇ,
ਨਵਤੇਜ ਸਿੰਘ ਚੀਮਾ, ਡਾ.ਸੁਖਦੇਵ ਸਿੰਘ, ਡਾ.ਸੁਖਦੇਵ ਸਿੰਘ, ਅਜੀਤ ਸਿੰਘ ਲਾਇਲ



ਸ੍ਰੀ 108 ਮਹਾਰਾਜ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਆਪਣਾ 25ਵਾਂ ਗ੍ਰੰਥ ਗੁਰਬਾਣੀ ਵੇਦਾਂਤ ਨਿਰਣੈ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਦੇ ਹੋਏ ਨਾਲ ਹਨ ਡਾ. ਲਖਵੀਰ ਸਿੰਘ ਰਾਮਪੁਰਾ ਫੂਲ।

(15 ਜੁਲਾਈ 2018 ਸ੍ਰੀ ਭੈਣੀ ਸਾਹਿਬ) ਗਿਆਨੀ ਜੀ ਦੇ ਚੜ੍ਹਾਈ ਕਰਨ ਤੇ ਉਨ੍ਹਾਂ ਬਾਰੇ ਲੇਖ ਅੰਕ ਵਿਚ ਪੜ੍ਹੋ।



ਮੁੰਬਈ ਵਿਖੇ ਬਸੰਤ ਮੇਲੇ ਸਮੇਂ

# ਜੀਵਾਲਨ ਹਾਰ ਸਤਿਗੁਰੂ

✍– ਇੰਦਰ ਸਿੰਘ ਚਕ੍ਰਵਰਤੀ

ਹਾਇ ਬੱਚਾ ! ਹਾਇ ਬੱਚਾ !! ਵੇ ਲੋਕੋ ਕੋਈ ਦਸਿਓ ਵੇ, ਮੇਰੀਆਂ ਅੱਖੀਆਂ ਦਾ ਤਾਰਾ, ਦਿਲਦਾ ਸਹਾਰਾ, ਨੈਨਾਂ ਦੀ ਠੰਢ, ਕਲੇਜੇ ਦਾ ਟੁਕੜਾ, ਲਖਤੇ ਜਿਗਰ ਕਿੱਥੇ ਹੈ, ਅਜੇ ਤੇ ਹੁਣ ਮੇਰੇ ਕੋਲੋਂ ਆਯਾ ਸੀ, ਆਂਹਦਾ ਸੀ, ਅੰਮੀਏਂ ਮੈਂ ਵੀ ਉਸ ਵਲੀ ਅੱਲਾ ਦੇ ਦਰਬਾਰ ਦੇ ਦਰਸ਼ਨ ਕਰ ਆਵਾਂ, ਜਿਸਦੀ ਜਯਾਰਤ ਲਈ ਲੋਕੀਂ ਪਤਾ ਨਹੀ ਕਿਥੋਂ-ਕਿਥੋਂ ਚਲ ਕੇ ਆਏ ਹਨ। ਮੈਂ ਖੁਸ਼ੀ ਖੁਸ਼ੀ ਟੋਰਿਆ, ਸਦਕੇ ਗਈ, ਬਲਾਵਾਂ ਲਈਆਂ, ਨਵੇਂ ਕਪੜੇ ਪਾਕੇ ਪਯਾਰ ਕੀਤਾ। ਕੀ ਏਹ ਮੇਰਾ ਆਖਿਰੀ ਪਯਾਰ ਸੀ, ਜੇ ਮੈਂ ਜਾਣ ਦੀ ਕਿ ਮੇਰੇ ਨਾਲ ਇੰਝ ਹੋਣੀ ਏ ਤਾ ਮੈਂ ਕਦੀ ਵੀ ਘਰੋਂ ਨਾ ਟੁਰਨ ਦੇਂਦੀ। ਜਾਂ ਨਾਲ ਔਂਦੀ । ਹੇ ਅੱਲਾ! ਤੂ ਮੇਰੇ ਨਾਲ ਕੇਹੋ ਜੇਹੀ ਕੀਤੀ ਏ ਜਿਸ ਦੇ ਦਰਸ਼ਨ ਸਦਕਾ ਕਈ ਸੁਕੀਆਂ ਗੱਦਾਂ ਹਰੀਆਂ, ਹੋਈਆਂ, ਜਿਸਦੇ ਬਚਨ ਨਾਲ ਲੱਖਾਂ ਵਰੋਸਾਏ, ਕੀ ਪਤਾ ਸੀ ਕਿ ਅਜ ਮੈਂ ਅਭਾਗੀ ਦਾ ਚੰਨ ਜੇਹਾ ਲਾਲ ਉਸ ਦੇ ਦਰਬਾਰ ਵਿਚ, ਮੈਂਥੀ ਸਦਾ ਲਈ ਵਿਛੜ ਜਾਇਗਾ। ਉਠ ਲਾਲ ! ਉਠ !! ਉਠਕੇ ਇਕ ਵਾਰੀ ਗਲ ਵਕੜੀ ਪਾਕੇ, ਹਸਕੇ ਆਖ ਅੰਮੀਏ। ਝਾਤ ! ਆਹ ! ਫਿਰ ਮੈਂ ਜੇਹਾ ਕੌਣ ਸੁਭਾਗਾ ਹੋਵੇਗਾ। ਵੇ ਬੀਬਿਆ, ਜੀਉਣ ਜੋਗਿਆ, ਜੇ ਤੂੰ ਇਕਵਾਰ ਉਠਕੇ ਖਲੋ ਜਾਏਂ ਤਾਂ ਮੇਰਾ ਬੁਢਾਪਾ ਸਫਲ ਹੋ ਜਾਵੇ, ਅਤੇ ਮੈਨੂੰ ਸਭ ਦੁੱਖ ਭੁੱਲ ਜਾਵਨ, ਮੇਰੀ ਜਿੰਦਗੀ ਮੁੜ ਤਰੋ ਤਾਜ਼ਾ ਹੋ ਜਾਵੇ, ਫਿਰ ਤੇ ਮੇਰੇ ਭਾਗਾਂ ਤੇ ਫਰਿਸ਼ਤੇ ਵੀ ਰਸ਼ਕ ਕਰ ਉਠਨ! ਨਹੀਂ ਤੇ ਯਾਦ ਰੱਖ, ਮੈਂ ਵੀ ਤੇਰੀ ਲੋਥ ਉਤੇ ਹੀ ਆਪਣੇ ਪਾਪੀ ਪ੍ਰਾਣਾਂ ਦਾ ਅੰਤ ਕਰਕੇ ਤੇਰੇ ਕੋਲ ਹੀ ਪੁੱਜ ਜਾਵਾਂਗੀ। ਜਰਾ ਖਲੋਈਂ, ਕਾਹਲ ਨਾ ਕਰ ਮੈ ਵੀ ਪਈ ਔਨੀਆਂ। ਮੈਂ ਸਦਕੇ, ਬਲਿਆ ਉਠ ਤੱਕ ਤੇਰਾ ਵਡਾ ਵੀਰ ਕਿਵੇਂ ਡੁਸਕ 2 ਕੇ ਰੋ ਰਿਹਾਏ, ਕੀ ਤੈਨੂੰ ਇਸਦਾ ਵੀ ਤਰਸ ਨਹੀਂ, ਮੇਰੇ ਬੁਢਾਪੇ ਵੱਲ ਹੀ ਤੱਕ । ਮੇਰੀਆਂ ਤੇ ਸਾਰੀਆਂ ਆਸਾਂ ਤੇਰੇ ਨਾਲ ਹੀ ਸਨ। ਹਾਇ ! ਹੁਨ ਮੈਂ ਕੀ ਕਰਾਂ ਵੇ ਹੈ ਕੋਈ ਜੋ ਮੇਰੇ ਲਾਲ ਨੂੰ ਮੋੜ ਲਿਆਵੇ, ਜੋ ਮੰਗੇ ਮੈ ਦਿਆਂਗੀ ਜੋ ਆਖੇ ਹਾਜਰ ਕਰਾਂਗੀ ਪਰ ਮੇਰੇ ਸੋਹਣੇ ਨੂੰ ਜੁਆ ਦੇਵੇ। ਕੀ ਪਤਾਸੂ, ਖਬਰੇ ਕਾਫਰਾਂ ਦੇ ਦੀਵਾਨ ਵਿਚ ਔਣ ਕਰਕੇ ਹੀ ਏਹ ਸਜਾ ਮਿਲੀ ਏ। ਪਰ ਹੋਰ ਵੀ ਤੇ ਦੀਨ ਦਾਰ ਭਾਈ ਆਏ ਹੋਏ ਹਨ, ਓਹਨਾਂ ਨੂੰ ਕਿਸੇ ਨੂੰ ਵੀ ਕੁਝ ਨਹੀਂ ਜੇ ਹੋਯਾ। ਨਹੀਂ ! ਨਹੀਂ !! ਏਹ ਗਲ ਨਹੀ ਕੱਲ੍ਹ ਪੀਰ ਸਾਹਿਬ, ਸ਼ਾਹ ਸਾਹਿਬ ਦਰਸ਼ਨ ਕਰਨ ਆਏ ਸਨ ਓਹ ਆਂਹਦੇ ਸਨ ਕਿ ਏਹ ਤਾਂ ਕੋਈ ਵਲੀ ਅੱਲਾ ਏ, ਖੁਦਾ ਦਾ ਨੂਰ ਏ ਅਰਸ਼ਾਂ ਤੋਂ ਆਯਾ ਏ । ਸਭਨਾਂ ਨਾਲ ਇਕੋ ਜੇਹਾ ਪਯਾਰ ਕਰਦਾ ਏ। ਝਟਕਾ ਵੀ ਨਹੀਂ ਖਾਂਦਾ ਅਤੇ ਹਲਾਲ ਖਾਣ ਤੋਂ ਵੀ ਵਰਜਦਾ ਏ ! ਸੁਣਿਆ ਏ ਕਿ ਕਲ ਸ੍ਰਦਾਰ ਨੂੰ ਪਿਆ ਆਂਹਦਾ ਸੀ ਕਿ ਜੇਹੜੇ ਮਾਸ ਖਾਂਦੇ ਹਨ, ਜੀਵ ਹੱਤਿਆ ਕਰਦੇ ਹਨ ਮੈ ਓਹਨਾਂ ਦੇ ਘਰਦੀ ਰੋਟੀ ਨਹੀ ਖਾਵਾਂਗਾ । ਜੇ ਮੈਨੂੰ ਖੁਸ਼ ਕਰਨਾ ਹੈ ਤਾਂ ਸ਼ਿਕਾਰ ਖੇਲਨਾ ਛੱਡ ਦਿਓ । ਕਿਸੇ ਵੀ ਜੀਵ ਨੂੰ ਦੁੱਖ ਨਾ ਦਿਓ । ਜੇਹੋ ਜੇਹਾ ਪਾਪ ਗਾਂਇ ਮਾਰਨ ਦਾ ਹੈ ਉਹੋ ਜੇਹਾ ਹੀ ਸੂਰ ਦਾ ਏ। ਆਂਹਦੇ ਨੇ ਸਾਡੇ ਪ੍ਰਜਾ ਪਾਲਕ ਸਰਦਾਰ ਹੀਰਾ ਸਿੰਘ ਜੀ ਨੇ ਸਾਰੀਆਂ ਸ਼ਰਤਾਂ ਮੰਨ ਲਈਆਂ ਹਨ, ਸ਼ਿਕਾਰ ਖੇਲਣਾ ਛੱਡ ਦਿੱਤਾ ਏ । ਮਾਸ ਖਾਣੋਂ ਤੋਬਾ ਕੀਤੀ ਸਾਸੁ, ਭਾਲੇ ਭੰਨ ਸੁਟੇ ਹਨ । ਬੌਰਾਂ ਸਾੜ ਦਿਤੀਆਂ ਹਨ, ਜਾਲ-ਜਾਲ ਦਿਤੇ ਹਨ, ਤਦੇ ਤੇ ਓਸਦਾ ਨਿਉਂਦ੍ਰਾ ਮਨਜੂਰ ਕੀਤਾ ਏ, ਤਦੇ ਏਥੇ ਮਾਨਾਂਵਾਲੇ, ਔਣਾ ਪ੍ਰਵਾਨ ਕੀਤਾ ਏ। ਗਊਆਂ ਨਾਲ ਪਯਾਰ ਰੱਖਦਾ ਏ ਪਰ ਦ੍ਵੇਸ ਬੁਚੜਾਂ ਨਾਲ ਵੀ ਨਹੀਂ ਕਰਦਾ, ਆਂਹਦਾ ਸੀ ਸਦਾਰ ਨੂੰ ਯਾਦ ਰੱਖੋ ! 'ਇਕ ਬੁੱਚੜ ਜਿਸਦੇ ਹਥ ਵਿਚ ਗਊ ਦੀ ਰੱਤ ਨਾਲ ਭਿੱਜੀ ਹੋਈ ਛੁਰੀ ਹੋਵੇ, ਤੁਹਾਡੇ ਦਰ ਤੋਂ ਰੋਟੀਓਂ ਭੁੱਖਾ ਚਲਿਆ ਗਿਆ ਤਾਂ ਮੈਂ ਤੁਹਾਨੂੰ ਕਦੀ ਵੀ ਨਹੀ ਬਖਸ਼ਾਂਗਾਂ ਅਹਾ ! ਕੇਡਾ ਸ਼ਾਂਤੀ ਦਾ ਪੁੰਜ ਹੈ । ਕੇਡਾ ਏਕਤਾ ਦਾ ਪ੍ਰਚਾਰਕ ਹੈ ਕੀ ਸਿਖਾਂ ਦੇ ਸਾਰੇ ਗੁਰੂ ਹੀ ਇਹੋ ਜੇਹੇ ਸਨ ? ਹਾਂ ਸੁਣਦੇ ਹਾਂ ਕਿ ਬਾਬਾ ਨਾਨਕ ਜੀ ਵੀ ਮੱਕੇ ਗਏ ਸਨ । ਫਿਰ ਏਹਨਾਂ ਦੇ ਦਰਸ਼ਨ ਕਰਨੇ ਤਾਂ ਸਗੋਂ ਸੁਆਬ ਹੈ । ਏਹ ਤੇ ਕੋਈ ਮੇਰੇ ਕਰਮਾਂ ਦਾ ਹੀ ਫਲ ਏ, ਪਤਾ ਨਹੀ ਮੈਂ ਅਭਾਗਨੀ ਦੇ ਭਾਗਾਂ ਵਿਚ ਕੀ ਲਿਖਯਾ ਹੋਯਾ ਸੀ। ਨਹੀ ਤੇ, ਜਿਸਦੇ ਦਰਬਾਰੋਂ ਕਈਆਂ ਦੇ ਭੁੱਖ ਦੁੱਖ ਦੂਰ ਹੋਏ ਅਤੇ ਕਈਆਂ ਮਾਵਾਂ ਦੀਆਂ ਗੱਦਾਂ ਹਰੀਆਂ ਹੋਈਆਂ ਕਦੀ ਹੋ ਸਕਦਾ ਸੀ ਕਿ ਉਸਦੀ ਸ਼ਰਨ ਵਿਚ ਮੇਰੇ ਬਚੇ ਨਾਲ ਇੰਵ ਬੀਤ ਦੀ, ਏਹ ਮੇਰੇ ਕਿਸੇ ਚੰਦ੍ਰੇ ਲੇਖ ਦਾ ਹੀ ਫਲ ਹੈ, ਅਛਾ, ਮੈਂ ਵੀ ਆਪਣੇ ਬਾਲ ਦੀ ਲਾਸ਼ ਨੂੰ ਚੁੱਕ ਕੇ ਉਸਦੇ ਕੋਲ ਲੈ ਜਾਂਦੀ ਹਾਂ ਆਖਾਂਗੀ "ਸਭਨਾ ਨਾਲ ਇਕੋ ਜੇਹਾ ਪਯਾਰ ਕਰਨ ਵਾਲਿਆ, ਤਪਤ ਹਿਰਦਿਆਂ ਨੂੰ ਸ਼ਾਂਤਿ ਕਰਨ ਵਾਲਿਆ, ਗਰੀਬਾਂ ਦਿਆ ਪਾਲਿਕਾ, ਇਛਾ ਪੂਰਤ ਦਾਤਾ ਮੈਂ ਗ੍ਰੀਬਣੀ ਨਾਲ ਏਹ ਕੀ ਕੌਤਕ ਵਰਤਾਯਾ ਏ। ਵੇ ਸ਼ਾਂਤੀ ਦਿਆ ਸੋਮਿਆ ਅਤੇ ਖੁਦਾ ਦਿਆ ਨੂਰਾ ਮੇਰੇ ਇਸ ਲਾਲ ਨੂੰ ਜੁਆ ਦੇਹ। ਨਹੀਂ ਤੇ ਮੈਨੂੰ

ਵੀ ਆਪਣੀ ਹਥੀਂ ਇਸਦੇ ਨਾਲ ਕਬਰ ਵਿਚ ਰੱਖਕੇ ਮਿਟੀ ਦੇਦੇ। ਜੇ ਤੂੰ ਅਜੇਹਾ ਨਾ ਕਰੇਂਗਾ ਤਾਂ ਮੈਂ ਤੇਰੇ ਸੋਹੈਂ ਤੜਫ-ਤੜਫ ਕੇ ਆਪਣੇ ਪ੍ਰਾਣਾਂ ਦਾ ਅੰਤ ਕਰ ਲਵਾਂਗੀ ਅਤੇ ਪਿੱਟ ਪਿੱਟ ਕੇ ਮਰ ਜਾਵਾਂਗੀ ਫਿਰ ਦਸ ਤੈਨੂੰ ਕੀ ਹੱਥ ਲੱਗੇਗਾ, ਤੈਨੂੰ ਰਹਿਮ ਨਹੀਂ ਆਵੇਗਾ ? ਮੇਰੇ ਤੇ ਤਰਸ ਨਹੀਂ ਕਰੇਗਾ ਨਹੀਂ ! ਨਹੀਂ !! ਜ਼ਰੂਰ ਕਰੇਂਗਾ, ਤਾਂ ਹੁਨ ਹੀ ਕਰਖਾਂ,ਤੇਰੇ ਘਰ ਕੇਹੜੀ ਗਲ ਦਾ ਘਾਟਾ ਏ, ਜੇ ਤੂੰ ਸਰਦਾਰ ਨੂੰ ਪੁੱਤ੍ਰ ਦੀ ਦਾਤ ਦੇ ਸਕਦਾ ਏਂ, ਤਾਂ ਮੇਰੇ ਪੁੱਤ ਨੂੰ ਮੋਏ ਨੂੰ ਜਿਵਾ ਨਹੀਂ ਸਕਦਾ ਕੀ ਹੋਯਾ ਮੈਂ ਗਰੀਬ ਹੀ ਸਹੀ, ਪਰ ਤੈਨੂੰ ਤੇ ਲੋਕੀ ਗਰੀਬ ਨਿਵਾਜ ਆਂਹਦੇ ਹਨ, ਫਿਰ ਮੇਰੀ ਅਰਜ਼ ਕਿਉਂ ਪ੍ਰਵਾਨ ਨਹੀਂ ਕਰਦਾ। ਬਾਹੁੜੀਂ ਵੇ ਮੈਂ ਲੁੱਟੀ ਗਈ। ਪਟੀ ਗਈ, ਵੇ ਕੋਈ ਜਾਇਓ ਵੇ ਉਸ ਅੱਲਾ ਦੇ ਨੂਰ ਨੂੰ। ਮੇਰੀ ਵਿਥਯਾ ਦੱਸਕੇ ਕਹਿਓ ਕਿ ਇਕ ਗਰੀਬ ਘੁਮਿਆਰੀ, ਦਾ ਨਨ੍ਹਾ ਜੇਹਾ ਪੁਤ੍ਰ ਤੇਰੇ ਸਿਖ ਦੇ, ਘੋੜੇ ਦੀ ਫੇਟ ਨਾਲ ਮਰ ਗਿਆ, ਏ। ਓਹਨੂੰ ਜਿੰਦਾ ਕਰਦੇ, ਨਹੀ ਤੇ ਓਹ ਵੀ ਮਰ ਚਲੀ ਜੇ। ਤੂੰ ਅਹਿੰਸਾ ਦਾ ਪ੍ਰਚਾਰਕ ਹੈਂ। ਇੰਵ ਦੋ, ਨਿਰ ਅਪਰਾਧ ਜੀਵਾਂ ਦਾ ਪਾਪ ਤੇਰੇ ਸਿਰ ਚੜ੍ਹੇਗਾ ਅਤੇ ਫਿਰ ਲੋਕੀਂ ਤੈਨੂੰ ਕੀ ਆਖਣਗੇ !

ਇੰਵ ਇੱਕ ਮੁਸਲਮਾਨ ਘੁਮਿਆਰੀ ਵਰਲਾਪ ਕਰਦੀ ਹੋਈ ਬੇਸੁੱਧ ਹੋਕੇ ਧਰਤੀ ਉਤੇ ਧੜੰਮ ਕਰਦੀ ਡਿੱਗ ਪਈ। ਲੋਕੀਂ ਭੱਜੇ ਆਏ, ਕਈ ਪਾਣੀ ਲੈਣ ਦੌੜੇ। ਕਈਆਂ ਬੁੱਢੀ ਨੂੰ ਘੁੱਟਣਾ ਨੱਪਣਾ ਸ਼ੁਰੂ ਕੀਤਾ। ਬੁੱਢੀ ਦੇ ਦੁਆਲੇ ਮੇਲਾ ਕੱਠਾ ਆ ਹੋਇਆ, ਪੁਲਿਸ ਦੀ ਧਾੜ ਵੀ ਦੁਆਲੇ ਆ ਹੋਈ ਮਾਈ ਦੇ ਮੂੰਹ ਵਿਚ ਪਾਣੀ ਚੋਯਾ। ਜਦੋ ਹੋਸ਼ ਆਈ ਤਾਂ ਪੁਲਿਸ ਵਾਲਿਆਂ ਬੁੱਢੀ ਨੂੰ ਬਿਆਨ ਦੇਣ ਲਈ ਤੰਗ ਕੀਤਾ।

ਇਕ ਪੁਲਸੀਆ: "ਮਾਈ ਕੀ ਹੋ ਗਿਆ ਏ ਤੇਰਾ ਪੁੱਤਰ ਕਿਸ ਮਾਰ ਦਿੱਤਾ ਏ"

ਮਾਈ-"ਵੇ ਜੀਉਣ ਜੋਗਿਆ ਮੈਨੂੰ ਕੀ ਪਤਾ ਹੈ ਕਿ ਮੇਰਾ ਪੁੱਤ ਕਿਸ ਮਾਰਿਆ ਏ ।"

ਪੁਲਸੀਆ: "ਸੱਚ-ਸੱਚ ਦੱਸ ਮਾਈ ਤੈਨੂੰ ਹੁਣੇ ਨਿਆਂ ਮਿਲ ਜਾਵੇਗਾ।" ਸੁਪ੍ਰਨਟੰਡੰਟ, ਸਾਹਿਬ ਬੜੇ ਆਦਲ ਹਨ ਗਰੀਬਾਂ ਦੀ ਪੁਕਾਰ ਬੜੀ ਚੰਗੀ ਤਰ੍ਹਾਂ ਸੁਣਦੇ ਹਨ। ਤੇਰੇ ਸਿਰਫ ਇਸ਼ਾਰਾ ਕਰਨ ਦੀ ਦੇਰ ਹੈ ਹੁਨੇ ਕੂਕਿਆਂ ਦੇ ਸਾਰੇ ਡੇਰੇ ਨੂੰ ਬੰਨਕੇ, ਟੋਰ ਦੇਣਗੇ।

ਮਾਈ: "ਮੈਂ ਕੀ ਜਾਂਣਾਂ ਸੁਪ੍ਰਨਟੰਡੰਟ ਕੀ ਬਲਾ ਹੁੰਦੀ ਏ, ਕੂਕਿਆਂ ਨਾਲ ਮੇਰੀ ਕੀ ਦੁਸ਼ਮਨੀ ਸੀ ਜੋ ਓਹਨਾਂ ਨੇ ਮੇਰਾ ਪੁੱਤਰ ਮਾਰਨਾ ਸੀ। ਓਹਤੇ ਅੱਲਾ ਦੇ ਪਯਾਰੇ ਹਨ ਤੇ ਸਾਰਿਆਂ ਨੂੰ ਇਕੋ ਜੇਹਾ ਤੱਕ ਦੇ ਹਨ।"

ਪੁਲਸੀਆ: 'ਮਾਈ ਤੂੰ ਭੁੱਲ ਕਰਦੀਏਂ ਸਿੱਖ ਕਦੀ ਵੀ ਮੁਸਲਮਾਨਾਂ ਨੂੰ ਚੰਗਾ ਨਹੀਂ ਜਾਣਦੇ। ਫੇਰ ਏਹ ਤੇ ਵਧੀਕ ਹੀ ਪੱਖਪਾਤੀ ਹਨ, ਮੈਂ ਅਜੇ ਕੱਲ ਦੋ ਸਿਖ ਗੱਲਾਂ ਕਰਦੇ ਸੁਣੇ ਸਨ ਕਿ ਸਾਡੇ ਮੇਲੇ ਵਿਚ, ਜੇਹੜਾ ਵੀ ਮੁਸਲਮਾਨ ਆਵੇ ਜਾਨੋ ਮਾਰ ਦਿਓ। ਬਸ ਉਸੇ ਸਾਜਸ਼ ਦਾ ਹੀ ਏਹ ਨਤੀਜਾ ਹੈ ਜੋ ਤੇਰਾ ਪੁੱਤਰ ਮਰ ਗਿਆ, ਇਸ ਲਈ ਤੂੰ ਬਿਆਨ ਲਿਖਾਦੇ ਕਿ ਮੇਰਾ ਪੁੱਤਰ ਕੂਕਿਆਂ ਦੇ ਗੁਰੂ ਨੇ ਘੋੜੀ ਹੇਠ ਲੈਕੇ ਮਾਰ ਦਿਤਾ ਏ। ਬਸ ਫੇਰ ਸਰਕਾਰ ਆਪੇ ਸਾਰਿਆਂ ਨੂੰ ਫੜਕੇ ਸਨੇ ਗੁਰੂ ਦੇ ਅਤੇ ਤੇਰੇ ਪੁੱਤਰ ਦੇ ਮਾਰਨ ਵਾਲਿਆਂ ਦੀਆਂ ਕਸਰਾਂ ਕੱਢ ਲਵੇਗੀ।

ਮਾਈ: ਵੇ ਪੁੱਤਰਾ ਅਜੇਹੀਆਂ ਗਲਾਂ ਕਰਕੇ ਮੇਰੇ ਦੁਖੀ ਦਿਲ ਨੂੰ ਹੋਰ ਨਾਂ ਦੁੱਖਾ ਅਤੇ ਮੇਰੇ ਅੱਲੇ ਜਖਮਾਂ ਤੇ ਲੂਣ ਨਾਂ ਬਰੂਰ ਭਲਾ ਜੇ ਤੇਰੀ ਗੱਲ ਨੂੰ ਸੱਚੀ ਮੰਨ ਹੀ ਲਿਆ ਜਾਵੇ ਤਾਂ ਓਹਨਾਂ ਦੀ ਮੇਰੇ ਇਸ ਨੰਨੇ ਮਾਸੂਮ ਬਾਲ ਨਾਲ ਕੀ ਦੁਸ਼ਮਨੀ ਸੀ। ਹੋਰ ਏਨੇ ਮੁਸਲਮਾਨ ਏਥੇ ਆਏ ਹੋਏ ਸਨ। ਓਹਨਾਂ ਨੂੰ ਕਿਸੇ ਕਿਉਂ ਨਾਂ ਕੁਝ ਕਹਿਆ। ਨਾਲੇ ਘੋੜੇ ਕਿਸੇ ਦੇ ਸਿਖਾਏ ਹੋਏ ਤੇ ਹੁੰਦੇ ਹੀ ਨਹੀਂ ਹਨ। ਭੀੜ ਵਿਚ ਚੌਂਕ ਕੇ ਜਾਨਵਰ ਤ੍ਰਬਕ ਗਏ। ਸਿਆਣੇ ਬੰਦੇ ਲਾਂਭੇ ਹੋ ਗਏ ਅਤੇ ਮੇਰਾ ਏਹ ਅਗਯਾਤ ਬਾਲ ਅਚਨਚੇਤ ਹੇਠ ਆਗਿਆ। ਇਸ ਵਿਚ ਕਿਸੇ ਦਾ ਕੀ ਕਸੂਰ ਏ! ਜਿਥੇ ਪਹਿਲਾਂ ਬੁਨਯਾਦ ਹੀ ਝੂਠ, ਫ਼੍ਰੇਬ, ਦਗੇਬਾਜ਼ੀ ਤੇ ਰੱਖੀ ਜਾਵੇ। ਓਥੋਂ ਕਦੀ ਇਨਸਾਫ ਦੀ ਆਸ ਹੋ ਸਕਦੀ ਏ? ਜਿਸ ਗੁਰੂ ਦਾ ਨਾਂਉ ਲੈਣ ਤੇ ਤੂੰ ਜੋਰ ਪਿਆ ਲਾਨਾਂ ਏਂ ਕੀ ਤੈਨੂੰ ਪਤਾ ਨਹੀਂ ਕਿ ਓਹ ਅੱਜ ਘੋੜੇ ਤੇ ਚੜ੍ਹੇ ਹੀ ਨਹੀਂ ਹਨ। ਘੋੜਿਆਂ ਉਤੇ ਤੇ ਆਪ ਜੀ ਦੇ ਹੋਰ ਸਿੱਖ ਸੇਵਕ ਹਨ, ਆਪ ਤਾਂ, ਸਾਡੇ ਪ੍ਰਜ ਪਾਲਿਕ ਸਰਦਾਰ ਹੀਰਾ ਸਿੰਘ ਨਾਲ ਅੱਜ ਹਾਥੀ ਉਤੇ ਬੈਠਕੇ ਹੋਲਾ ਮਹੱਲਾ ਖੇਲ ਰਹੇ ਹਨ ਅਤੇ ਅਨੇਕਾਂ ਭੁੱਲੀਆਂ ਭਟਕੀਆਂ ਨਾਮ ਵਿਹੂਣ ਤੁਹਾਨੂੰ ਦਰਸ਼ਨ ਨਾਲ ਹੀ 'ਨਦਰੀ ਨਦਰਿ ਨਿਹਾਲ ਕਰਦੇ ਹੋਏ ਸੁਮੱਤੇ ਲਾ ਰਹੇ ਹਨ । ਏਡਾ ਕੂੜ ਦਾ ਪਹਾੜ 'ਲਾਹੌਲ ਵਿੱਲਾ ਕੁੱਵਤ ਮੈਂ ਥੀ ਨਹੀ ਤੋਲਿਆ ਜਾਂਦਾ। ਵੀਰ ਵੇ ਅੱਗੇ ਹੀ ਪਤਾ ਨਹੀ ਜੋ ਕਿਸ ਪਾਪ ਕਰਮ ਦੇ ਬਦਲੇ ਮੈਨੂੰ ਆਹ ਦਿਨ ਦੇਖਣੇ ਨਸੀਬ ਹੋਏ ਹਨ, ਅਗੋਂ ਨੂੰ ਹੁਨ ਮੈ ਤੇਰੇ ਕਹੇ ਆਪਣੀ ਆਕਬਤ ਕਿਉਂ ਗੰਦੀ ਕਰਾਂ, ਜਿਸਦੇ ਲੰਗਰ ਵਿਚੋਂ ਹਜਾਰਾਂ ਮੈਂ ਜੇਹੇ ਗਰੀਬ, ਵਰੋਸਾਂਦੇ ਹਨ, ਜਿਸਦਾ ਲੰਗਰ ਹਿੰਦੂ ਮੁਸਲਮਾਨ ਵਾਸਤੇ ਇਕੋ ਜੇਹਾ ਸਾਂਝਾ ਹੈ, ਜਿਥੇ ਨਾ ਵੱਡੇ ਤੋਂ ਵੱਡੇ ਕ੍ਰਮ ਕਾਂਡੀ ਪੰਡਿਤ ਦਾ ਰੋਟੀ ਖਾਨ ਤੇ ਧਰਮ ਛੀਨ ਹੋ ਸਕਦਾ ਏ ਅਤੇ ਨਾਹੀ ਕਿਸੇ ਦੀਨਦਾਰ ਈਮਾਨਦਾਰ ਮੌਲਵੀ ਨੂੰ ਰੋਟੀ ਖਾਨ ਤੇ ਦਰੇਗ ਹੋ ਸਕਦਾ ਏ। ਓਸ ਦੇ ਵਾਸਤੇ ਮੇਰੇ ਕੋਲੋਂ ਤੂੰ ਝੂਠ ਪਿਆ ਬੁਲਾਨਾ ਏਂ। ਨਹੀਂ ! ਕਦੀ ਵੀ ਨਹੀਂ !! ਆਖਿਰ ਮੈਂ

ਵੀ ਇਕ ਦਿਨ ਮਰਨਾ ਹੈ। ਖੁਦਾ ਨੂੰ ਜਾਨ ਦੇਣੀ ਹੈ । ਉਸ ਅੱਲਾ ਪਾਕ ਦੀ ਦਰਗਾਹ ਵਿਚ ਮੈਂ ਕੀ ਮੂੰਹ ਦਿਆਂਗੀ, ਰੋਜ਼ ਕਿਆਮਤ ਨੂੰ ਮੈਨੂੰ ਦੋਜ਼ਖ ਦੀ ਅੱਗ ਵਿਚ ਨਹੀਂ ਸਾੜਿਆ ਜਾਵੇਗਾ। ਜਾਹ ਵੀਰ ਵੇ ਮੈਂ ਸਦਕੇ ਜਾਵਾਂ, ਜਾਕੇ ਕਹਿਦੇ ਅਪਣੇ ਸੁਪਰਡੈਂਟ ਨੂੰ ਮੈਂ ਨਿਆਂ ਭਰ ਪਾਯਾ ! ਮੇਰਾ ਇਕ ਬੱਚਾ ਤਾਂ ਕਿਤੇ ਰਿਹਾ ਜੇ ਮੇਰੇ ਸਾਰੇ ਕਬੀਲੇ ਨੂੰ ਓਹ ਆਖੇ ਕਿ ਮੈਨੂੰ ਏਹਨਾਂ ਦੇ ਸਿਰਾਂ ਦੀ ਲੋੜ ਏ ਤਾਂ ਮੈਂ ਆਪਣੇ ਧੰਨ ਭਾਗ ਸਮਝਕੇ ਹਾਜਰ ਕਰਾਂਗੀ। ਮੇਰਿਆ ਭੁਲਿਆ ਵੀਰਨਾ ਤੈਂ ਉਸ ਵਲੀ ਅੱਲਾ ਦੇ ਦਰਸ਼ਨ ਨਹੀ ਕੀਤੇ, ਨਹੀਂ ਤੇ, ਤੇਰੀ ਜ਼ਮੀਰ ਵਿਚ ਏਹ ਗੱਲਾਂ ਨਹੀਂ ਸਨ ਰਹਿ ਸਕਦੀਆਂ ਚੱਲ ਵੇ ਟੁਰ ਮੈ ਪੁੱਤਰ ਨੂੰ ਫਿਰ ਸਾਂਭ ਲਵਾਂਗੀ, ਏਹ ਤੇ ਹੁਨ ਮੈਨੂੰ ਰੋਜ਼ ਕਿਆਮਤ ਨੂੰ ਹੀ ਮਿਲੇਗਾ ਪਰ ਤੂੰ ਤੇ ਚੱਲ ਖਾਂ ਤੇਰੇ ਦਿਲ ਦੀ ਤੇ ਏਹ ਕਾਈ ਦੂਰ ਕਰਾਂ।

ਤੈਨੂੰ ਤੇ ਉਸ ਅਲਾਹੀ ਨੂਰ ਦੇ ਦਰਸ਼ਨ ਕਰਾਵਾਂ ਔਹ ਤੱਕ' ਵੇਖ ਹਾਥੀ ਉਤੇ ਬੈਠਾ ਜੇਹੜਾ ਅਤ੍ਰ ਅੰਬੀਰ ਉਡਾ ਰਿਹਾ ਜੇ ਜੇਹੜਾ ਸਭ ਨਾਲੋਂ ਲੰਮਾ ਏ ਕੇਹੀ ਸੁੰਦਰ ਕ੍ਰਾਂਤੀ ਏ। ਕੇਹਾ ਤੇਜੱਸਵੀ ਜਲਾਲ ਪੂਰਤ ਭਾਲ ਏ। ਅੱਖੀਆਂ ਖੰਜਨ ਦਾ ਵੀ ਮਾਨ ਭੰਜਨ ਕਰ ਰਹੀਆਂ ਹਨ। ਕੇਹਾ ਸਡੌਲ ਸਰੀਰ ਏ। ਸ਼ੇਰ ਵਾਂਗ ਪਤਲੀ ਕਮਰ ਹੈ ਪਰ ਕੀ ਮਜਾਲ ਹੈ ਜੋ ਕਿਤੇ ਤੇ ਵਲ ਪੈਂਦਾ ਹੋਵੇ। ਨੱਕ ਖੰਡੇ ਦੀ ਧਾਰ ਨੂੰ ਮਾਤ ਪਿਆ ਕਰਦਾ ਏ, ਜੀ ਕਰਦਾ ਏ ਕਿ ਸਰੀਰ ਦੇ ਸਾਰੇ ਰੋਮ ਅੱਖੀਆਂ ਹੋ ਜਾਵਨ ਤੇ ਮੈਂ ਦਰਸ਼ਨ ਕਰਦੀ ਨਾਂ ਰੱਜਾਂ। ਕੱਲ੍ਹ ਸਾਡੇ ਪੀਰ ਸਾਹਿਬ ਗੱਲਾਂ ਕਰਦੇ ਸਨ ਕਿ ਪੰਜ ਲੱਖਦੇ ਕਰੀਬ ਗੁਰੂ ਦੇ ਮੁਰੀਦ ਮੁਰੀਦ ਹੀ ਆਏ ਹਨ। ਬਾਕੀ ਦੁਨੀਆਂ ਵੱਖਰੀ ਏ, ਪਰ ਆਪ ਸਭ ਨਾਲੋਂ ਗਿਠ ਉਚੇਰੇ ਰਹਿੰਦੇ ਹੋਏ ਸਭਨਾਂ ਨੂੰ ਇਕੋ ਜੇਹਾ ਦਰਸ਼ਨ ਦਿੰਦੇ ਹਨ। ਬਾਹੀਂ ਗੋਡਿਆਂ ਤੱਕ ਹਨ, ਏਹ ਨਿਸ਼ਾਨੀਆਂ ਪੈਗੰਬਰਾਂ ਦੀਆਂ ਹੀ ਹੁੰਦੀਆਂ ਹਨ ਮਨੁੱਖਾਂ ਦੀਆਂ ਨਹੀਂ। ਅਜੇਹੇ ਸੋਹਣਿਆਂ ਦੇ ਸੁਲਤਾਨ ਨੂੰ ਫਸਾਨ ਲਈ ਤੂੰ ਮੈਨੂੰ ਪਿਆ ਜੋਰ ਲਾਨਾਂ ਏਂ। ਚੰਦਰਿਆ ਕੇਹੜੇ ਦਿਨ ਤੇਰਾ ਭਲਾ ਹੋਵੇਗਾ ?

ਜਾਹ ਚਲਿਆ ਜਾਹ ਪਾਪੀਆ' ਮੇਰੇ ਸੋਹਿਓਂ। ਮੈਨੂੰ ਵੀ ਦੋਜਖ ਦੇ ਰਸਤੇ ਦੀ ਪ੍ਰੇਰਨਾ ਕਰ ਰਿਹਾਂ ਏਂ। ਤੂੰ ਮਨੁੱਖ ਨਹੀ ਕੋਈ ਸ਼ੈਤਾਨ ਹੈਂ ਜੋ ਮੈਨੂੰ ਗੁਮਰਾਹ ਕਰਨ ਲਈ ਆਯਾ ਹੈਂ।

ਮਾਈ ਦੇ ਏਹ ਪ੍ਰੇਮ ਭਿੰਨੜੇ ਵਾਕ ਸੁਣਕੇ ਪੁਲਸੀਆਂ ਦਾ ਭੱਜਦਿਆਂ ਦਾ ਕੋਈ ਪਤਾ ਨਾ ਲਗਾ। ਸਾਰੀ ਦੁਨੀਆਂ ਪੁਲਿਸ ਵਾਲਿਆਂ ਨੂੰ ਫਿਟਕਾਰਾਂ ਪਾਨ ਲੱਗ ਪਈ। ਪੁਲਸੀਆਂ ਦੇ ਚਲੇ ਜਾਨ ਤੇ ਮਾਈ ਫਿਰ ਆਪਣੇ ਵਹਿਨ ਵਿਚ ਬਹਿ ਟੁਰੀ।

"ਵੇ ਮੈਂ ਸਦਕੇ ਵੇ ਉਸ ਠੰਡੀ ਮੂਰਤੀ ਦੇ ਕੋਈ ਜੇ ਏਥੇ ਉਸਦਾ ਪਯਾਰਾ ਹੈ ਤਾਂ ਉਸ ਨੂਰ ਦੇ ਪੁੰਜ ਨੂੰ ਉਸ ਅਲਾਹੀ ਜੋਤ ਨੂੰ ਜਾ ਆਖੇ ਕਿ ਇੱਕ ਗ੍ਰੀਬਣੀ ਦਾ ਪੁੱਤਰ ਤੇਰੇ ਮੁਰੀਦ ਦੇ ਘੋੜੇ ਦੀ ਫੇਟ ਨਾਲ ਮਰ ਗਿਆ ਏ, ਓਹ ਤੇਰੇ ਨਾਮ ਦੇ ਵਾਸਤੇ ਪਾਂਦੀ ਏ, ਓਸਦਾ ਪੁੱਤਰ ਓਸ ਨੂੰ ਮੋੜ ਦੇ। ਤੇਰੇ ਘਰ ਕੋਈ ਘਾਟਾ ਨਹੀਂ ਤੇ ਮੈਂ ਗ੍ਰੀਬਣੀ ਦਾ ਹੋਰ ਕੋਈ ਸਹਾਰਾ ਨਹੀਂ। ਮਾਈ ਦੇ ਏਹ ਕਰਨਾ ਰਸ ਪੂਰਤ ਵਾਕ ਸੁਣਕੇ ਸਿੱਖਾਂ ਦੇ ਨੇਤ੍ਰਾਂ ਵਿੱਚੋਂ ਵੀ ਜਲ ਬਹਿ ਟੁਰਿਆ ਅਤੇ ਸਾਰੀ ਸੰਗਤ ਅਰਦਾਸ ਕਰਨ ਲਈ ਜੁਟ ਗਈ। ਜੋ ਹੇ ਸੱਚੇ ਪਾਤਸ਼ਾਹ ਇਸ ਮਾਈ ਦਾ ਪੁੱਤਰ ਜੀ ਉੱਠੇ ਤਦੇ ਸਾਡੀ ਰਹਿ ਸਕਦੀ ਏ। ਸੰਗਤਾਂ ਅਰਦਾਸ ਕਰ ਰਹੀਆਂ ਹਨ ਪੁਲਿਸ ਦੀ ਧਾੜ ਖ਼ੂਨ ਦੀ ਤਫਤੀਸ਼ ਵਿਚ ਸਤਿਗੁਰਾਂ ਦਾ ਉਰੂਜਨਾ ਸਹਾਰ ਦੀ ਹੋਈ ਨੱਸੀ ਭੱਜੀ ਫਿਰਦੀ ਏ। ਇਸ ਦ੍ਰਿਸਜ ਨੂੰ ਤੱਕ ਕਈਆਂ ਦੇ ਦਿਲ ਹੋਰ ਤਰਾਂ ਦੇ ਹੋ ਗਏ । ਅਨੰਦ ਵਿਚ ਭੰਗ ਪੈ ਗਿਆ। ਇਕ ਸਿੰਘ, ਵਿੱਚੋਂ ਉੱਠਕੇ, ਜਿਧਰ ਸਤਿਗੁਰੂ ਜੀ ਆਮ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਹੋਲਾ ਮਹੱਲਾ ਖੇਲ ਰਹੇ ਸਨ, ਮਾਈ ਦੀ ਵਿਥਯਾ ਸੁਨਾਨ ਲਈ ਓਧਰ ਨੂੰ ਚਲਿਆ ਗਿਆ।

**(2)**

ਏਹ ਓਹ ਸਮਾਂ ਸੀ ਜਦੋਂ ਅੰਗ੍ਰੇਜ਼ ਪਹਿਲਾਂ ਪਹਿਲਾਂ ਹੀ ਪੰਜਾਬ ਅੰਦਰ ਆਏ ਸਨ। ਸ਼ੇਰੇ ਪੰਜਾਬ ਸ੍ਰੀ ਮਹਾਰਾਜ ਰਣਜੀਤ ਸਿੰਘ ਦਾ ਪਯਾਰਾ ਪੰਜਾਬ ਵਿਦੇਸ਼ੀ ਹਕੂਮਤ ਦੇ ਪੰਜੇ ਵਿੱਚ ਚੰਗੀ ਤਰਾਂ ਫਸ ਚੁੱਕਾ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਨਿਵਾਜੀ ਹੋਈ ਸੁਤੰਤਰ ਸਿੱਖ ਕੌਮ ਚੰਗੀ ਤਰ੍ਹਾਂ ਗੁਲਾਮ ਹੋਕੇ ਮਲੇਛਾਂ ਦੇ ਸੋਹਲੇ ਗਾਨ ਲੱਗ ਪਈ ਸੀ। ਜਿਸ ਤਰ੍ਹਾਂ ਮਹਾਭਾਰਤ ਦੇ ਸਮੇਂ ਭਾਰਤ ਵਰਸ਼ ਦੇ ਮਹਾਨ ਸੂਰਬੀਰ, ਧੁਰੰਧਰ ਵਿਦਵਾਨ ਅਨੋਖੇ ਸਿਲਪੀ, ਆਦਿ ਚੁਣਵੇਂ ਚੁਣਵੇਂ ਸਾਰੇ ਦੇ ਸਾਰੇ ਹੀ ਕੰਮ ਆ ਚੁੱਕੇ ਸਨ ਅਤੇ ਪਿੱਛੇ ਜੋ ਬਚੇ ਸਨ ਓਹ ਕੇਵਲ ਨਾਂ ਹੋਯਾਂ ਵਰਗੇ ਹੀ ਸਨ, ਇੰਝ ਹੀ ਮੁਦਕੀ ਆਦਿ ਦੀਆਂ ਲੜਾਈਆਂ ਵਿੱਚ ਸਿੱਖ ਜਾਤੀ ਦੇ ਸੂਰਬੀਰ, ਜਤੀ-ਸਤੀ, ਸਿਦਕੀ ਗੁਰਸਿੱਖ ਸਾਰੇ ਦੇ ਸਾਰੇ ਹੀ ਕੰਮ ਆ ਚੁੱਕੇ ਸਨ ਅਤੇ ਬਾਕੀ ਜੋ ਨਾਮ ਮਾਤ੍ਰ ਬਚੇ ਸਨ ਓਹ ਅੰਗ੍ਰੇਜ਼ਾਂ ਦੇ ਗੁਲਾਮ ਹੋਕੇ ਦਿਨੇ ਰਾਤ ਓਹਨਾਂ ਦੇ ਸੋਹਲੇ ਗਾਣ ਨੂੰ ਹੀ ਆਪਣਾ ਧਰਮ ਸਮਝ ਬੈਠੇ ਸਨ। ਗੁਰੂ ਮਤ ਉਡ ਚੁੱਕੀ ਸੀ। ਮਨਮਤ ਰੂਪ ਅਮਾਵਸ ਦੀ ਕਾਲੀ ਬੋਲੀ ਰਾਤ ਪਸਰ ਦੀ ਜਾ ਰਹੀ ਸੀ ਉਸ ਸਮੇਂ ਦੀ ਸਿੱਖੀ ਦਾ ਚਿੱਤਰ ਕਵੀ ਕੁਲ ਰਤਨ ਸ੍ਰੀ ਮਾਨ ਗਯਾਨੀ ਗਯਾਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇੰਵ ਚਿਤ੍ਰਤ ਕੀਤਾ ਏ:

ਔਰੇਂ ਰੀਤ ਔਰੇਂ ਮੀਤ ਔਰੇਂ ਪ੍ਰਤੀਤ ਪ੍ਰੀਤ ਖਾਨ ਪਹਿਰਾਨ, ਗਯਾਨ, ਮਾਨ, ਔਰੇਂ ਜਨਕੈ। ਡਾਰੇ, ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ, ਕੱਛੈਂ ਤਜ ਗਏ ਧੋਤੀ ਸੁੱਥੂ ਤੰਗ ਤਨਕੈ ।

ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ ਜਿਨੇ ਦੇਖ ਸਿੱਖੀ ਗਊ ਕੰਬੇ ਤੁਰਕ ਗਨਕੈ। ਸਿੱਖੀ ਦਸਮੇਸ ਕੀ ਸੁਕੀ ਅਪਰ ਦੇਸ ਕੀ ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੈ।
ਏਕੀਂ ਬਾਰਪਾਰੈਂ ਓਚੈਂ ਨਾਕ ਨੋਚੈਂ ਮੋਚਨੇ ਲੈ ਕੋਈ ਖੋਚੈਂ ਲਤਨ ਸੋਂ ਸੋਚੈਂ ਨ ਲਖਾਇ ਹੈਂ। ਕੋਊ ਚਾੜੇਹੀਂ ਉਖਾੜੈਂ ਮੂਛੈਂ ਪਾੜੈਂ ਝਾੜਨ ਜਿਉਂ ਪੂੰਛੈਂ ਸੇਤ ਛਾੜੈਂ ਕੋਊ ਸਾੜੈਂ ਦਵਾ ਲਾਇ ਹੈਂ।
ਬਗਲੈਂ ਉਪਾਰੈਂ ਕੋਊ ਭੌਹੈਂ ਸੌਹੈਂਕੀ ਓਖਾਰੈਂ ਨਾਸਕਾ ਕੇ ਫ਼ਾਰ ਹਾਬ ਮਾਥ ਪੈ ਚਲਾਇ ਹੈਂ। ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।
ਨਿਜ ਤਿਯ ਤਜ ਕੁਲਟਾ ਬਿਭਚਾਰਨ ਮੁੰਡਿਓਂ ਸੰਗ ਰਮੈਂ ਹੈਂ ਜੇ। ਤਿਨਕੇ ਸੰਗੀ ਬਾਦ ਫ਼ੂੰਗੀ ਬਹੁਤ ਨਮਰਦ ਥਵੈਂ ਹੈਂ ਜੇ। ਸਿੰਘ ਸੁਨੈਹਰੀ ਕਬਜੇਵਾਰੇ ਤਿਨੈਂ ਮਸਖਰੀ ਲੋਗ ਕਰੈਂ। ਸਰਮ ਹਿਆਉ ਸੁ ਕਰਮ ਧਰਮ ਤਜ ਪੈ ਕੁਕਰਮ ਮੈਂ ਸੋਊ ਮਰੈਂ।

ਸਿੱਖੀ ਦੀ ਏਹ ਹਾਲਤ ਤੱਕ ਅੰਤਰਯਾਮੀਂ ਅਕਾਲ ਪੁਰਖ ਨੂੰ ਦਯਾ ਆਈ। ਆਪ ਨੇ ਆਪਣੀ ਸਨਾਤਨ ਨੇਤ ਅਨੁਸਾਰ ਸਿੱਖ ਪੰਥ ਦੀ ਰੱਖਿਆ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਜਿਆ। ਆਪਨੇ ਆਕੇ ਮੁੜ ਸਿੱਖ ਪੰਥ ਰੂਪ ਮੁਰਝਾਈ ਹੋਈ ਫੁਲਵਾੜੀ ਨੂੰ ਨਾਮ ਅੰਮ੍ਰਿਤ ਸਿੰਚਕੇ ਹਰਾਭਰਾ ਸਰਸਬਜ਼ ਤੇ ਸੁਰਜੀਤ ਕੀਤਾ ।

"ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ ਸੁਧਾ ਛਕਥਾਏ ਸਿਖ ਭਾਗ ਜਿਨੈਂ ਜਾਗਿਓ। ਫੈਲਿਯੋ ਯਸਭਾਰੀ ਸਿੱਖ ਥੀਏ ਤਾਹਿਂ ਕੇ ਅਪਾਰੀ ਸਿਖ ਪੰਥ ਬਿਰਧਾਯੋ ਨਾਮਰਸ ਪਾਗਿਓ। ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ, ਠਗੀ, ਤਜ ਥੀਏ ਸੰਤ ਸਤਿਜੁਗ ਆਗਿਓ ।"

ਸੰਮਤ 1925 ਬਿਕ੍ਰਮੀ ਦੀਆਂ ਗੱਲਾਂ ਹਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦਾ ਦੌਰਾ ਕਰ ਰਹੇ ਹਨ, ਆਪ ਜੀ ਦੇ ਦਰਸ਼ਨ ਅਤੇ ਪ੍ਰਚਾਰ ਸਦਕਾ ਸਿੱਖ ਪੰਥ ਮੁੜ ਪਹਿਲੇ ਅਰੂਜ ਤੇ ਪੁੱਜ ਚੁਕਾ ਏ। ਜਿਸਨੂੰ ਤੱਕ ਵਿਦੇਸ਼ੀ ਸਰਕਾਰ ਦਿਨੋ ਦਿਨ ਘਾਬਰ ਰਹੀ ਸੀ ਅਤੇ ਓਹ ਬਹਾਨਾ ਲਭ ਰਹੀ ਸੀ ਕਿ ਕਿਸੇ ਨਾ ਕਿਸੇ ਤਰਾਂ ਸਤਿਗੁਰੂ ਜੀ ਨੂੰ ਕਾਬੂ ਕਰਕੇ ਸਿੱਖ ਪੰਥ ਦੇ ਵਧ ਰਹੇ ਪ੍ਰਚਾਰ ਨੂੰ ਅਤੇ ਸੁਤੰਤ੍ਰਤਾ ਦੀ ਲਹਿਰ ਨੂੰ ਏਥੇ ਹੀ ਠੱਲ ਪਾ ਦਿੱਤੀ ਜਾਵੇ । ਆਪਜੀ ਦੀ ਕ੍ਰਿਪਾ ਨਾਲ ਸਿੱਖ ਪੰਥ ਦਾ ਤੇਜ ਹੁਣ ਸਿਖਰ ਤੇ ਪੁਜ ਚੁੱਕਾ ਸੀ। ਨਾਮ ਅਭਲਾਸੀ ਰੂਹਾਂ ਹਜ਼ਾਰਾਂ ਦੀ ਗਿਨਤੀ ਵਿੱਚ ਹਰ ਰੋਜ ਭਜਨ ਪੁੱਛਕੇ ਆਪਣਾ ਜਨਮ ਸਫਲ ਕਰਦੀਆਂ। ਥਾਂ-ਥਾਂ ਦੀਵਾਨ ਸੱਜ ਰਹੇ ਹਨ। ਭੁੱਲੀਆਂ ਭਟਕੀਆਂ ਨਾਮ ਵਿਹੂਨ ਰੂਹਾਂ ਨੂੰ ਨਾਮ ਅੰਮ੍ਰਿਤ ਦੇ ਗੱਫੇ ਬਖਸ਼ ਕੇ ਗੁਰਸਿੱਖੀ ਦੇ ਉੱਚ ਮੰਡਲ ਵਿੱਚ ਪ੍ਰਵੇਸਿਆ ਜਾਂਦਾ। ਆਪ ਜੀ ਦਾ ਪ੍ਰਤਾਪ ਸੁਣ ਦੂਰੋਂ-ਦੂਰੋਂ ਸੰਗਤਾਂ ਔਂਦੀਆਂ ਅਤੇ ਵਰੋਸਾਂਦੀਆਂ। ਏਹਨਾਂ ਦਿਨਾ ਵਿਚ ਮਾਨਾਂਵਾਲਾ ਕਾਲਰ ਦੇ ਪ੍ਰਸਿੱਧ ਰਾਈਸ ਸਰਦਾਰ ਹੀਰਾ ਸਿੰਘ ਜੀ ਸ਼ਰਨਾਗਤ ਹੋਏ, ਨਾਮ ਦੀ ਪ੍ਰਾਪਤੀ ਹੋਈ, ਆਸੁਰੀ ਕਰਮ, ਮਦ, ਮਾਸ, ਸੇਵਨ ਤਿਆਗ ਕੇ ਸੰਤ ਖਾਲਸਾ ਜੀ ਦੀ ਫੌਜ ਦੇ 'ਸੰਤ ਸਿਪਾਹੀ' ਬਣੇ। ਆਪ ਨੇ ਬਿਨਜ ਕੀਤੀ ਕਿ ਸੱਚੇ ਪਾਤਸ਼ਾਹ ਇਸ ਸਾਲ ਹੋਲਾ ਮੇਰੇ ਨਗਰ ਮਾਨਾਂ ਵਾਲੇ ਵਿਖੇ ਹੀ ਹੋਵੇ। ਬੇਨਤੀ ਪ੍ਰਵਾਨ ਕਰ ਸੰਗਤਾਂ ਵੱਲ ਹੁਕਮਨਾਮੇ ਲਿਖੇ ਗਏ। ਦੇਸ ਦੇਸਾਂਤ੍ਰਾਂ ਦੀ ਸੰਗਤ ਸਤਿਗੁਰ ਦਰਸ਼ਨ ਨਮਿਤ ਮਾਨਾਂਵਾਲੇ ਪੁੱਜ ਗਈ। ਹੋਲੇ ਦੀ ਅਜੇਹੀ ਰੌਣਕ ਬਣੀ ਜੋ ਸ੍ਰੀ ਦਸਮੇਸ਼ ਜੀ ਦੇ ਸਮੇਂ ਸਰਕਾਰ ਦੀ ਅਪਣੀ ਰਾਜਧਾਨੀ ਸ੍ਰੀ ਅਨੰਦਪੁਰ ਵਿਖੇ ਹੋਯਾ ਕਰਦੀ ਸੀ। ਲੱਖਾਂ ਦੀ ਗਿਣਤੀ ਵਿਚ ਗੁਰਸਿੱਖ ਕੇਸਾਂਧਾਰੀ ਹੋਲਾ ਖੇਡਨ ਲਈ ਆਏ। ਦੀਵਾਨ ਅਤੇ ਕੀਰਤਨ ਦੀਆਂ ਘਨਘੋਰਾਂ ਨੇ ਸਚਖੰਡੀ ਨਜਾਰਾ ਆ ਦਰਸਾਯਾ ।

ਅੰਤਲੇ ਦਿਨ ਹੋਲਾ ਮਹੱਲਾ ਖੇਡਨ ਦੀ ਤਿਆਰੀ ਹੋਈ। ਸਰਦਾਰ ਜੀ ਦੇ ਘੋੜੇ ਡਾਢੀ ਚੰਗੀ ਨਸਲ ਵਿੱਚੋਂ ਸਨ। ਸੂਬੇ ਘੋੜਿਆਂ ਤੇ ਸਵਾਰ ਹੋਏ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਸਰਦਾਰ ਹੀਰਾ ਸਿੰਘ ਜੀ ਸਹਿਤ ਹਾਥੀ ਤੇ ਬੈਠ ਸੰਗਤਾਂ ਦੀ ਮਨੋ ਕਾਮਨਾ ਪੂਰਨ ਕਰਦੇ ਹੋਏ ਗੁਲਾਲ ਉਡਾਨ ਲੱਗੇ:

ਆਬਦਾਰ ਪੋਸਸ ਮਹਿਤਾਬ ਸਮ ਉਜੱਲ ਸਜਾਇਕੇ ਸੁਹਾਬ ਗੁਰ ਬੈਠੇ ਸੁਰ ਰਾਇ ਹੈ। ਅਤੇ ਗੁਲਾਬ ਕੁੰਗੂ ਮੇਲਕੇ ਸਿਤਾਬ ਸਿੰਘ ਸਹਿਤ ਅਦਾਬ ਗਏ ਊਪਰ ਛਿਰਕਾਇ ਹੈ। ਤਾਜ਼ਾ ਜਿਉਂ ਉਨਾਬ ਕਿਧੋ ਪਕੇ, ਆਂਬ ਰੰਗ ਪੀਲੇ ਕੈਤੋ ਕ੍ਰਿਸਾਨ ਖਾਬਹੂੰ ਸੇ ਜਾਗ ਰਾਸ ਪਾਇ ਹੈ। ਮਾਝਾ ਮਲਵਈ ਮੈਣ ਦੂਾਬ ਔ ਦੁਆਬਾ ਵਾਸੀ ਫਾਬ ਰਹੀ ਸਭਾ ਗੁਰੂ ਰਾਮ ਸਿੰਘ ਰਾਇ ਹੈ।

ਉਡਤ ਬਿਸਾਲ ਜੇ ਗੁਲਾਲ ਲਾਲ ਅਲਤਾ ਸੋ ਹੋਵਤ ਨਿਹਾਲ ਸਿੰਘ ਬੇਖ ਬੇਖ ਜਾਇ ਹੈਂ। ਉਜਲ ਪੁਸ਼ਾਕੇ ਛੈਲ ਬਾਂਕੇ ਪਹਿਰ ਆਵੈਂ ਛਿਰਕਾਵੈਂ ਰੰਗ ਲਾਲ ਤਾਂ ਕੇ ਲਾਲ ਮਨ ਭਾਇ ਹੈਂ। ਕੇਸਾਧਾਰੀ ਖੇਲੈ ਹੋਲਾ ਵਕਤ ਅਮੋਲਾ ਸ਼ੁਭ ਧਿਆਨ ਸਿੰਘ ਗੋਲਾ ਤਾਂ ਕੋ ਸਦਾ ਜਸ ਛਾਇ ਹੈਂ।

ਫੌਜਾਂ ਮਿਲ ਭਾਰੀ ਗੁਰੂ ਅਗਾਰੀ ਭਰ ਪਿਚਕਾਰੀ ਗੁਨ ਖਾਨੀ। ਸੰਗ ਅਲਤਾ ਡਾਰਤ ਰੰਗ ਉਡਾ ਰਤ ਆਨੰਦ ਧਾਰਤ ਗੁਰਬਾਨੀ। ਵਿਚ ਰਰੇ ਰਬਾਬੀ ਰਚਨਾਂ ਫਾਬੀ ਰੰਗ ਸ਼ਰਾਬੀ ਚਾਰ ਧੁਨਾ। ਤਾਰਾ ਜੁਗ ਮਾਲੀ ਔਰ ਖੁਸ਼ਾਲੀ ਮਹਿਮਾ ਆਲੀ ਤੀਨ ਜਨਾ।

ਯਾਂ ਬਿਧ ਗੁਰ ਪੂਰੇ ਬੈਠ ਹਜੂਰੇ ਚਲਤ ਸਰੂਰੇ ਨਿਤ

ਨਵੇ । ਜਲਤੇ ਨਰ ਕੁਰੇ ਕਪਟੀ ਕਰੇ ਤਰਤੇ ਸੂਰੇ ਸਤ ਲਵੇ।

ਅਤ ਆਨੰਦ ਮੰਗਲ ਪ੍ਰਭ ਢਿਗਰੰਗਲ ਦੁਨੀਆਂ ਜੰਗਲ ਫੇਰ ਹਰਾ । ਹਰਦਮ ਹਰਿ ਚਰਚਾ ਬਾਣੀ ਪਰਚਾ ਪੂਜਾ ਅਰਚਾ ਹੋਮ ਧਰਾ। ਕਹੂੰ ਜਪ ਗੁਰ ਮੰਤੇ ਊਚ ਰਟੰਤੇ ਸਬਦ ਸੁਣੰਤੇ ਕੰਨ ਗੁਰੂ। ਕਹੂੰ ਢੋਲਕ ਬਾਜਤ ਛੈਣੇ ਛਾਜਤ ਧ੍ਰਮ ਸੁਗਾਜਤ ਧੰਨ ਗੁਰੂ।ਹ੍ਵੈਹੈਂ ਮਸਤਾਨੇ ਨਚਤ ਦੀਵਾਨੇ ਲਾਜ ਭੁਲਾਨੇ ਪ੍ਰੇਮ ਬਸੀ। ਸਭ ਲਾਲੋ ਲਾਲੇ ਗਿਰਦ ਗੁਪਾਲੇ ਬਹੁ ਖੁਸ਼ਹਾਲੇ ਨੇਮ ਵਸੀ। ਸਿਖ, ਵਰਨ ਅਵਰਨਾਂ ਲਾਗੇ ਸਰਨਾਂ ਜਨਮ ਨਾ ਮਰਨਾਂ ਦੀ ਤਿਨੋ ਕਦਾ। ਸਭ ਹੁਇਗੇ ਦੰਗਾ, ਦਿਖ ਗੁਰ ਰੰਗਾ ਪਾਵਨ ਗੰਗਾ ਜਨੋ ਸਦਾ। ਨੱਸ ਗਏ ਵਿਕ੍ਰਮੀ ਦੇਖਤ ਧ੍ਰਮੀ ਗੁਰ ਕੇ ਮਰਮੀ ਗੁਰ ਸਾਚੇ। ਗੋ ਧਰਤੀ ਰਾਜੀ ਦੇਵ ਸੁਰਾਜੀ ਝੁਰਤੇ ਪਾਜੀ ਦੁਰਕਾਚੇ ।

( ਸ੍ਰੀ ਸਤਿਗੁਰੂ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਜੀ)

ਇੰਞ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਾਨਾਂਵਾਲੇ ਵਿਖੇ ਨਾਮ ਦੀ ਦਾਤ ਜਹਾਨ ਨੂੰ ਦਿੰਦੇ ਹੋਏ ਭਵਜਲ ਸਿੰਧੁ ਥੀਂ ਪਾਰ ਕਰ ਰਹੇ ਹਨ ਸੰਗਤਾਂ ਹੋਲਾ ਖੇਡ ਦੀਆਂ ਹਨ ਸਤਿਗੁਰੂ ਜੀ ਐਰਾਵਤ (ਹਾਥੀ) ਤੇ ਆਰੂਢ ਹਨ। ਗੁਲਾਲ ਉਡ ਰਿਹਾ ਹੈ, ਸਰਕਾਰ ਦੀ ਅਨੰਦਪੁਰੀ ਦੇ ਸੱਚ ਖੰਡੀ ਦ੍ਰਿਸ਼ਜ ਮਾਨਾਂਵਾਲੇ ਦ੍ਰਿਸ਼ਟੀ ਗੋਚਰ ਹੋ ਰਹੇ ਹਨ। ਸੰਗਤਾਂ ਦੀ ਖੁਸ਼ੀ ਦਾ ਕੋਈ ਹਿਸਾਬ ਨਹੀਂ। ਸੂਬੇ ਪ੍ਰਸਪਰ ਤੇ ਇਕ ਦੂਜੇ ਤੇ ਗੁਲਾਲ ਪਾ ਰਹੇ ਹਨ । ਜਿਉਂ ਹੀਂ ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਨੇ ਗੁਲਾਲ ਦੀ ਮੁੱਠ ਭਰਕੇ ਬਾਬਾ ਗਯਾਨੀ ਸਿੰਘ ਜੀ ਵੱਲ ਚਲਾਈ ਤਿਉਂ ਹੀਂ ਅਚਾਨਕ ਬਾਬਾ ਗਯਾਨੀ ਸਿੰਘ ਜੀ ਦਾ ਘੋੜਾ ਤ੍ਰਬਕ ਗਿਆ, ਬੇਵਸ ਹੋ, ਉਠ ਨੱਸਾ। ਘੋੜਾ ਮੁਤਾਣਾ ਸੀ ਗਯਾਨੀ ਸਿੰਘ ਜੀ ਕਾਬੂ ਨਾ ਕਰ ਸਕੇ। ਬੇ-ਹਤਾਸ਼ਾਂ ਘੋੜੇ ਨੂੰ ਦੌੜਦਿਆਂ ਤੱਕ ਮੇਲੇ ਵਿੱਚ ਹਲ-ਚਲ ਮੱਚ ਗਈ ਕਈਆਂ ਦੇ ਚੋਟਾਂ ਆਈਆਂ। ਇੱਕ ਮੁਸਲਮਾਨ ਘੁਮਯਾਰ ਦਾ ਬਾਲ ਘੋੜੇ ਦੀ ਫੇਟ ਲੱਗਣ ਕਰਕੇ ਬੇਹੋਸ਼ ਹੋ ਧਰਤੀ ਤੇ ਚਿਤ ਕਰਦਾ ਡਿੱਗ ਪਿਆ ਏਹ ਖ਼ਬਰ ਬਿਜਲੀ ਵਾਂਗੂ ਸਾਰੇ ਦੌੜ ਗਈ। ਘੁਮਯਾਰੀ ਭੱਜੀ ਭੱਜੀ ਆਈ ਆ ਕੇ ਪੁੱਤ ਵੱਲ ਡਿੱਠਾ ਬੇਸੁਰਤ ਪਿਆ ਏ। ਸ੍ਵਾਸਾਂ ਦੀ ਗਤੀ ਰੁਕ ਗਈ ਏ। ਅੱਖੀਆਂ ਅੱਡੀਆਂ ਗਈਆਂ ਹਨ। ਦੇਖਣ ਵਾਲਿਆਂ ਨੂੰ ਪ੍ਰਪੱਕ ਨਿਸ਼ਚਾ ਹੋ ਗਿਆ ਕਿ ਬੱਚਾ ਜੀਊਂਦਾ ਨਹੀਂ ਸਗੋਂ ਅਸਲੋਂ ਹੀ ਮਰ ਗਿਆ ਏ। ਘੁਮਯਾਰੀ ਰੋਣ ਪਿੱਟਣ ਲੱਗ ਪਈ। ਰੌਲਾ ਸੁਣਕੇ ਪੁਲੀਸ ਕੱਠੀ ਹੋ ਗਈ ਅਤੇ ਆਪਣੀਆਂ ਸੱਤੇ ਘਿਉ ਵਿਚ ਸਮਝ ਪੁਲਿਸ ਦੀ ਪ੍ਰਸੰਨਤਾ ਦੀ ਕੋਈ ਹੱਦ ਨਾ ਰਹੀ । ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਿਨੋ ਦਿਨ ਵਧ ਰਹੇ ਤੇਜ ਪ੍ਰਤਾਪ ਅਤੇ ਅਰੂਜ਼ ਨੂੰ ਤੱਕ ਨੌਕਰ ਸ਼ਾਹੀ ਭੈਭੀਤ ਹੋ ਰਹੀ ਸੀ ਅਤੇ ਓਹ ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਬਹਾਨਾ ਮਿਲਣ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਾਬੂ ਕਰੇ। ਮੁੰਡਾ ਮਰਿਆ ਤੱਕ ਅਤੇ ਘੁਮਯਾਰੀ ਨੂੰ ਵੈਣ ਪਾਂਦਿਆਂ ਸੁਣਕੇ ਪੁਲਿਸ ਦੀਆਂ ਬਾਛਾਂ ਖਿਲ ਗਈਆਂ। ਘੁਮਯਾਰੀ ਨੂੰ ਆਪਣੀ ਮਨ ਮਰਜੀ ਦੇ ਬਿਆਨ ਦੇਣ ਲਈ ਪੁਲਿਸ ਨੇ ਅੱਡੀ ਚੋਟੀ ਦਾ ਜੋਰ ਲਾਯਾ। ਪੁਲਿਸ ਦੀ ਮਰਜ਼ੀ ਸੀ ਕਿ ਏਹ ਆਖੇ ਬਈ ਮੇਰਾ ਮੁੰਡਾ ਸਤਿਗੁਰਾਂ ਨੇ ਘੋੜੇ ਹੇਠ ਲੈਕੇ ਮਾਰਿਆ ਹੈ। ਪਰ ਓਹ ਘੁਮਯਾਰੀ ਸਤਿਗੁਰੂ ਦਰਸ਼ਨ ਕਰ ਚੁੱਕੀ ਸੀ ਅਤੇ ਆਪਣੇ ਪੀਰ ਜੀ ਤੋਂ ਸਤਿਗੁਰਾਂ ਦੀ ਤਾਰੀਫ ਸੁਣ ਚੁੱਕੀ ਸੀ ਇਸ ਲਈ ਓਹ ਕੋਈ ਵੀ ਬਿਆਨ ਦੇਣ ਤੇ ਸਹਿਮਤ ਨਾ ਹੋਈ ਪੁਲਿਸ ਝੱਖ ਮਾਰਕੇ ਟੁਰ ਗਈ ।

ਘੁਮਯਾਰੀ ਦੀ ਦਸ਼ਾ ਤੱਕ, ਮੁੰਡਾ ਮਰਿਆ ਦੇਖ ਖਾਲਸਾ ਜੀ ਦੇ ਰੰਗ ਵਿਚ ਭੰਗ ਪੈ ਗਿਆ। ਇਕ ਸਿੰਘ ਭੱਜਾ ਭੱਜਾ ਜਿੱਥੇ ਸਤਿਗੁਰੂ ਜੀ ਮਹੱਲਾ ਖੇਡ ਰਹੇ ਸਨ, ਗਿਆ ਅਤੇ ਜਾਕੇ ਅਰਜ ਕੀਤੀ ਕਿ ਸਚੇ ਪਾਤਸ਼ਾਹ ਗਯਾਨੀ ਸਿੰਘ ਜੀ ਦੇ ਘੋੜੇ ਦੀ ਫੇਟ ਨਾਲ ਇੱਕ ਮਾਸੂਮ ਬੱਚਾ ਚੜ੍ਹਾਈ ਕਰ ਗਿਆ ਏ ਅਤੇ ਓਸਦੀ ਮਾਈ ਕੋਲ ਖਲੋਤੀ ਵੈਣ ਪਾ ਰਹੀ ਏ ਅਤੇ ਬੇਹਾਲ ਹੋਈ ਹੋਈ ਪਿੱਟ ਰਹੀ ਏ ।

ਗ੍ਰੀਬ ਨਿਵਾਜ਼ ਸਤਿਗੁਰੂ ਨੇ ਸੁਣਕੇ ਝੱਟ ਮਹਾਵਤ ਨੂੰ ਹੁਕਮ ਕੀਤਾ ਕਿ ਹਾਥੀ ਮੋੜੋ ਅਤੇ ਓਥੇ ਲੈ ਚੱਲੋ ਛੇਤੀ ਕਰੋ, ਜਿੱਥੇ ਓਹ ਬਾਲ ਪਿਆ ਏ ਅਤੇ ਮਾਈ ਰੋ ਰਹੀ ਏ। ਮਹਾਵਤ ਨੇ ਹਾਥੀ ਮੋੜਿਆ ਅਤੇ ਬੱਚੇ ਦੇ ਕੋਲ ਜਾ ਖਲਾਰਿਆ। ਸਤਿਗੁਰੂ ਜੀ ਡਾਢੇ ਜਲਾਲ ਨਾਲ ਹਾਥੀ ਤੋਂ ਉਤਰੇ ਉੱਤਰਦਿਆਂ ਹੀ ਬੱਚੇ ਦੀ ਛਾਤੀ ਦੇ ਨਾਲ ਚਰਨ ਦਾ ਅੰਗੂਠਾ ਲਾ ਕੇ ਬਚਨ ਕੀਤਾ ਕਿ "ਮਾਈ ਕਿਉਂ ਪਈ ਰੋਨੀ ਏਂ ਅਤੇ ਕਲਪ ਦੀ ਏਂ, ਤੇਰਾ ਪੁੱਤਰ ਮਰਿਆ ਨਹੀਂ ਜਿੰਦਾ ਏ। ਭੋਲੀਏ ਸਾਧ ਸੰਗਤ ਵਿੱਚ ਆਕੇ ਤਾਂ ਸੂਲੀ ਦੀ ਸੂਲ ਹੋ ਜਾਂਦੀ ਏ ਅਤੇ ਮਨੁੱਖ ਦੇ ਕੀਤੇ ਹੋਏ ਕੋਟ ਕਰਮ ਵੀ ਸਤਿਗੁਰੂ ਦੀ ਸ਼ਰਨ ਵਿੱਚ ਆਕੇ ਨਾਸ ਹੋ ਜਾਂਦੇ ਹਨ। ਸ਼ੇਰ ਦੀ ਸ਼ਰਨ ਵਿੱਚ ਗਿੱਦੜ ਦਾ ਡਰ ਨਹੀ ਵਿਆਪ ਸਕਦਾ, ਸਾਧ ਸੰਗਤ ਕਲਪ ਬ੍ਰਿਛ ਹੈ ਅਤੇ ਇੱਛਾ ਪੂਰਤ ਹੈ। ਤਕੜੀ ਹੋ, ਰੋ ਨਾਂ ਤੇਰਾ ਬੱਚਾ ਜਿੰਦਾ ਹੈ ਅਤੇ ਹੁਨੇ ਉਠਕੇ ਤੇਰੇ ਨਾਲ ਟੁਰ ਪਏਗਾ।" ਪਰ ਬੁੱਢੀ ਧੀਰ ਨਾ ਧਰੇ ਰੋਵੇ ਰੇਵੇ ਰੋਵੇ ਅਤੇ ਸਤਿਗੁਰਾਂ ਦੇ ਚਰਨਾਂ ਨਾਲ ਲਿਪਟ ਆਖੇ। "ਵੇ ਸੋਹਣਿਆਂ ਗੁਰੂਆ ਮੇਰਾ ਪੁੱਤਰ ਮੈਨੂੰ ਦੇਦੇ ਹੋ ਤੇਰੇ ਘਰ ਕੇਹੜੀ ਚੀਜ਼ ਦੀ ਟੋਟ ਏ ? ਤੂੰ ਅਨੰਤ ਸ਼ਕਤੀ ਲੈ ਕੇ ਧਰਤੀ ਤੇ ਆਯਾ ਏਂ। ਤੇਰੇ ਘਰੋਂ ਲੱਖਾਂ ਅਭਾਗੇ ਵਰੋਸਾਏ ਨੀ। ਤੇਰੇ ਦਰਸ਼ਨ ਮਾਤਰ ਨਾਲ ਇੱਛਾ ਪੂਰੀ ਦੇ ਹੁੰਦੀ ਸੁਣੀ ਜਾਂਦੀ ਏ। ਪਰ ਮੈਂ ਤੇਰਾ ਕੀ ਗੁਆਯਾ ਸੀ ਜੋ ਮੇਰਾ ਪੁੱਤਰ ਤੇਰੇ ਦਰਸ਼ਨ ਕਰਨ ਆਯਾ

ਮਾਰਿਆ ਗਿਆ। ਬਸ ਜਾਂ ਤੇ ਮੇਰਾ ਪੁਤਰ ਮੇਰੀ ਝੋਲੀ ਪਾਦੇ ਨਹੀਂ ਤੇ ਮੈਨੂੰ ਵੀ ਏਸਦੇ ਨਾਲ ਹੀ ਆਪਣੇ ਹਾਥੀ ਦੇ ਪੈਰ ਹੇਠ ਲੈ ਕੇ ਲਤਾੜ ਦੇ। ਮੈ ਤੇਰਾ ਕਦੀ ਵੀ ਐਹਸਾਨ ਨਹੀ ਭੁਲਾਂਗੀ। ਤੇਰੀਆਂ ਬਲਾਈਆਂ ਲਵਾਂਗੀ। ਵਾਰਨੇ ਜਾਵਾਂਗੀ। ਵੇ ਤੇਰੀ ਸੰਗਤ ਦੇ ਸਦਕੇ ਤੇਰੀ ਇਸ ਸੋਹਣੀ ਜੇਹੀ ਮਾਲਾ ਤੋਂ ਵਾਰਨੇ ਮੇਰਾ ਪੁਤਰ ਜੁਆਦੇ ਨਹੀਂ ਤੇ ਮੈਂ ਵੀ ਨਾਲ ਹੀ ਚਲੀ ਜੇ, ਮੈ ਗਈ ਜੇ ਕੋਈ ਬੋਹੜਿਓ ਵੇ। ਮੇਰੀ ਕਾਰੀ ਕਰਿਓ। " ਇੰਞ ਵਰਲਾਪ ਕਰਦੀ ਹੋਈ ਮਾਈ ਫਿਰ ਬੇ-ਸੁਰਤ ਹੋ ਗਈ।" ਓਧਰ ਸਤਿਗੁਰੂ ਜੀ ਦੇ ਨੇਤ੍ਰ ਮੁੰਦੇ ਗਏ ਸਮਾਧੀ ਲੱਗ ਗਈ। ਕੁਝ ਚਿਰ ਸੰਗਤ ਸਾਰੀ ਵਿਸਮਾਦ ਦਸ਼ਾ ਵਿਚ ਹੋ ਗਈ। ਝੱਟ ਪਟ ਕਵਲ ਨੈਣ ਦੇ ਨੇਤ੍ਰ ਖੁੱਲੇ ਪਪੀਸਿਆਂ ਜੇਹੇ ਬੁਲਾਂ ਵਿੱਚੋਂ ਬਚਨ ਨਿਕਲਿਆ "ਸਰਦਾਰ ਹੀਰਾ ਸਿੰਘ ਜੀ ਬੱਚੇ ਤੇ ਬਸਤ੍ਰ ਪਾ ਦਿਓ" ਸਰਦਾਰ ਜੀ ਨੇ ਆਪਣਾ ਕੀਮਤੀ ਸ਼ਾਲ ਬਾਲ ਉਤੇ ਪਾ ਦਿੱਤਾ। ਅਜੇ ਥੋੜਾ ਜੇਹਾ ਚਿਰ ਹੀ ਹੋਯਾ ਸੀ ਜੋ ਬੱਚੇ ਦੇ ਪੈਰ ਦਾ ਅੰਗੂਠਾ ਹਿੱਲਯਾ। ਹੌਲੀ ਹੌਲੀ ਬਾਂਵਾਂ ਹਿੱਲੀਆਂ ਇੱਕ ਅੰਗੜਾਈ ਜੇਹੀ ਲੈ ਕੇ ਬੱਚਾ ਉਠ ਬੈਠਾ। ਸਰਦਾਰ ਹੀਰਾ ਸਿੰਘ ਜੀ ਨੇ ਛੇਤੀ ਨਾਲ ਬੱਚੇ ਨੂੰ ਕੁੱਛੜ ਲੈ ਲਿਆ। ਸੰਗਤਾਂ ਦੀ ਖੁਸ਼ੀ ਦੀ ਕੋਈ ਹਦ ਨਾਂ ਰਹੀ ।

ਲੋਕੀ ਦੇਖਕੇ ਹੈਰਾਨ ਹੋ ਗਏ, ਮਾਈ ਦੇ ਦਿਲ ਦੀ ਤੇ ਕੁਝ ਪੁੱਛੋ ਨਾਂ। ਸੋਟੀ ਉਤੇ ਆਪਣਾ ਕਪੜਾ ਪਾਕੇ ਉਚੀ ਉਚੀ ਹੋਕਾ ਦੇਣ ਲੱਗ ਪਈ "ਵੇ ਭੁਲਿਓ ਲੋਕੋ ਏਹ ਆਪ ਖੁਦਾ ਦੁਨੀਆਂ ਤੇ ਦੇ ਚਲਕੇ ਆਯਾ ਜੇ। ਏਹਦਾ ਏਥੇ ਕੋਈ ਹੀ ਕੰਮ ਨਹੀਂ ਸੀ ਏਹਤੇ ਮੈ ਪਾਪਣ ਦਾ ਬੇੜਾ ਬੰਨੇ ਲਾਂਨ ਹੀ ਆਯਾ ਜੇ, ਨਹੀਂ ਤੇ ਏਹਨੂੰ ਕੀ ਲੋੜ ਸੀ। ਮੇਰੇ ਪੁੱਤਰ ਨੇ ਅੱਜ ਮਰਨਾ ਸੀ ਅਤੇ ਜਰੂਰ ਮਰਨਾ ਸੀ ਬਯੋਗ ਵਿਚ ਨਾਲ ਹੀ ਮੈਂ ਮਰਨਾ ਸੀ, ਨਹੀਂ ਤੇ ਏਹ ਮੇਰੇ ਦੀਦੇ ਤੇ ਜਰੂਰ ਹੀ ਮੈਨੂੰ ਤੇ ਜਵਾਬ ਦੇ ਜਾਂਦੇ। ਏਹ ਤੇ ਮੇਰੇ ਸਦਕਾ ਹੀ ਆਯਾ ਏ ਅਤੇ ਮੈਨੂੰ ਪੁੱਤਰ ਦੇਕੇ ਸਪੁੱਤਰੀ ਬਣਾਯਾ ਏ। ਆਓ ਵੇ ਦੁਨੀਆਂ ਦੇ ਲੋਕੋ ਆਓ, ਇਸਦੀ ਸ਼ਰਨ ਪੈ ਕੇ ਮੌਤ ਦੇ ਡਰ ਤੋਂ ਸਦਾ ਲਈ ਬਚ ਕੇ ਅਮਰ ਪਦਵੀ ਦੀ ਪ੍ਰਾਪਤ ਕਰੋ । ਏਹ ਗੁਰੂ ਹੈ ਸਚਾ ਰਹਿਬਰ ਹੈ, ਪੀਰਾਂ ਨ ਪੀਰ ਅਤੇ ਮੀਰਾਂ ਨ ਮੀਰ ਆਪ ਅੱਲ੍ਹਾ ਪਾਕ ਦੁਨੀਆਂ 'ਤੇ ਆਯਾਏ।" ਦੂਜੇ ਬੰਨੇ ਸੰਗਤਾਂ ਦੀ ਖੁਸ਼ੀ ਦਾ ਤਾਂ ਕੁਝ ਹਾਲ ਹੀ ਨਾ ਪੁੱਛੋ ਮੁੰਡਾ ਉਠਿਆ ਤੱਕ, ਸਿੰਘ ਫੁੱਲੇ ਜਾਮੇ ਵਿਚ ਨਾ ਸਮਾਨ ਅਤੇ ਓਥੇ ਸਾਰੀ ਸੰਗਤ ਨੇ ਰਲਕੇ ਡਾਢੇ ਪ੍ਰੇਮ ਨਾਲ ਏਹ ਸਬਦ ਪੜਿਆ:

ਮਿਰਤਕ ਕਉ ਜੀਵਾਲਨ ਹਾਰ ।
ਭੂਖੇ ਕਉ ਦੇਵਤ ਆਧਾਰ।
ਸਰਬ ਨਿਧਾਨ ਜਾਂ ਦ੍ਰਿਸ਼ਟੀ ਮਾਹਿ।
ਪੁਰਬ ਲਿਖੇ ਕਾ ਲਹਿਣਾ ਪਾਹਿ ।
ਸਬ ਕਿਛ ਤਿਸਕਾ ਓਹ ਕਰਨੈ ਜੋਗੁ ॥
ਤਿਸੁ ਬਿਨੁ ਦੂਸਰ ਹੋਆ ਨ ਹੋਗ ।
ਜਪਿ ਜਨ ਸਦਾ ਸਦਾ ਦਿਨ ਰੈਣੀ ॥
ਸਭ ਤੇ ਉਚ ਨਿਰਮਲ ਇਹ ਕਰਣੀ ॥
ਕਰ ਕਿਰਪਾ ਜਿਸ ਕਉ ਨਾਮ ਦੀਆ ।
ਨਾਨਕ ਸੋ ਜਨੁ ਨਿਰਮਲ ਥੀਆ ॥

**(3)**

ਦੁਨੀਆਂ ਨੇ ਜਦ ਏਹ ਗਲ ਸੁਣੀ ਕਿ ਬੱਚਾ ਜੀ ਉਠਿਆ ਸਾਰੇ ਧੰਨ ਧੰਨ ਹੋ ਗਈ। ਲੌਢੇ ਵੇਲੇ ਇਤਨੀ ਭੀੜ ਹੋਈ ਕਿਤੇ ਦੀਵਾਨ ਵਿਚ ਤਿਲ ਧਰਨ ਨੂੰ ਥਾਉਂ ਨਾ ਰਿਹਾ। ਲੁਕਾਈ ਉਲਟਕੇ ਪੈ ਗਈ। ਦੀਵਾਨ ਵਿਚ ਸਰਦਾਰ ਹੀਰਾ ਸਿੰਘ ਜੀ ਨੇ ਸੌ ਸਾਖੀ ਦਾ ਓਹ ਪੁਸਤਕ,, ਜੋ ਏਹਨਾਂ ਦੇ ਦਾਦਾ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਿੱਤਾ ਸੀ ਹਾਜ਼ਰ ਕੀਤਾ। ਇਸ ਵਿਚ ਭਵਿਸ਼ਯ ਸਬੰਧੀ ਬਹੁਤ ਸਾਰੇ ਵਾਕ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਸਬੰਧੀ ਕਈ ਹੁਕਮ ਦਰਜ ਸਨ:

ਰਿਲਪੁਰ ਬੀਚ ਬਾਢੀ ਸੁਤ ਹੋਈ।ਬਲੂਆ ਰਾਜ ਕਰੇਗਾ ਸੋਈ।ਬਾਢੀ ਸੁਤ ਕਹੀਐ ਜੋਈ।ਮੁਮਕਲਾ ਤੇ ਪ੍ਰਗਟ ਹੋਈ। ਰਾਮ ਸਿੰਘ ਉਠੈ ਨੀਚਨ ਡਰੇ। ਅਵਨੀ ਏਕ ਰਸੌਦੀ ਕਰੇ। ਤਿਸ ਮਹਿਂ ਰਾਮ ਸਿੰਘ ਮਮਸਾਰਾ। ਦੇਸ ਮਾਲਵੇ ਮਹਿਂ ਅਵ ਤਾਰਾ । ਰਾਮ ਸਿੰਘ ਹੋਇ ਮੇਰੋ ਨਾਮਾ । ਬਾਢੀ ਸੁਤ ਭੈਣੀ ਕੋ ਧਾਮਾ।

ਏਹਨਾਂ ਤੋਂ ਬਿਨਾਂ ਅਗੋਂ ਨੂੰ ਹੋਨ ਵਾਲੇ ਬਹੁਤ ਸਾਰੇ ਬਚਨ ਸਨ । ਸਤਿਗੁਰਾਂ ਨੇ ਪੁਸਤਕ ਪੜਿਆ, ਪੜ੍ਹਦਿਆਂ ਹੀ ਵੈਰਾਗ ਵਿਚ ਹੋ ਗਏ। ਪੁਸਤਕ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਸਤ ਕੰਵਲਾਂ ਦਾ ਸਮਝ ਕੇ ਸੀਸ ਤੇ ਰੱਖਿਆ । ਨਮਸ਼ਕਾਰ ਕੀਤੀ ਅਤੇ ਬਚਨ ਕੀਤਾ ਕਿ ਖਾਲਸਾ ਜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਪਣੀ ਅਪਾਰ ਕਿਰਪਾਲਤਾ ਦੁਆਰਾ ਜੋ ਜੋ ਕੁਝ ਹੋਣਾ ਸੀ ਓਹ ਅਗੇ ਹੀ ਲਿਖ ਰਖਿਆ ਹੈ। ਪਰ ਵਿਚਾਰਨਾਂ ਜਰਾ ਕੁਝ ਔਖਾ ਏ। ਖਾਲਸਾ ਜੀ ਅਸੀਂ ਤੇ ਜਦ ਔਨ ਵਾਲੇ ਸਮੇਂ ਵਲ ਨਿਗਾਹ ਮਾਰਦੇ ਹਾਂ ਤਾਂ ਸਾਡੇ ਤੇ ਲੂੰ ਕੰਡੇ ਹੋ ਜਾਂਦੇ ਹਨ । ਖਾਲਸੇ ਅਰਜ ਕੀਤੀ ਕਿ ਸੱਚੇ ਪਾਤਸ਼ਾਹ ਕੁਝ ਸਾਨੂੰ ਵੀ ਦੱਸੋ ਕਿ ਔਣ ਵਾਲਾ ਸਮਾਂ ਕੇਹੋ ਜੇਹਾ ਹੋਵੇਗਾ ਅਤੇ ਖਾਲਸੇ ਨਾਲ ਕਿਵੇਂ ਵਰਤੇ ਗੀ ? ਕੀ ਦੇਸ਼ ਦੀ ਅਜੇਹੀ ਹਾਲਤ ਰਵੇਗੀ ਜਾ ਕੁਝ ਸੁਧਰੇਗੀ । ਦੀਨ ਦਯਾਲ

ਮਲੇਛਾਂ ਦੇ ਅਤਿਆਚਾਰ ਨਾਲ ਦੇਸ ਅੰਦ੍ਰ ਤ੍ਰਾਸ ਮਚੀ ਹੋਈ ਏ, ਸਾਧੂ ਦੁਖਾਏ ਜਾ ਰਹੇ ਹਨ। ਮਜ਼ਲੂਮਾਂ ਤੇ ਜ਼ੁਲਮ ਹੋ ਰਿਹਾ ਏ, ਗਊ ਗਰੀਬ ਦੇ ਗਲ ਤੇ ਛੁਰੀ ਚੱਲ ਰਹੀਏ। ਖਾਲਸਾ ਆਪਨਾ ਧਰਮ ਭੁਲਕੇ ਓਹਨਾਂ ਜੇਹਾ ਹੀ ਹੋ ਗਿਆ ਏ । ਵਰਨ ਵਿਭਾਗ ਨਿਰਮੂਲ ਹੋ ਚੁਕਾ ਏ। ਸਾਰੀ ਸ੍ਰਿਸਟ ਇਕ ਵਰਨ ਹੁੰਦੀ ਹੋਈ ਨਜਰ ਆ ਰਹੀ ਏ । ਮਲੇਛ ਭਾਸ਼ਾ ਨਾਲ ਲੋਕੀਂ ਪਯਾਰ ਕਰਨ ਲਗ ਪਏ ਹਨ। ਧ੍ਰਮ ਦੀ ਮਰਯਾਦਾ ਦਾ ਕਿਤੇ ਪਤਾ ਤੀਕ ਵੀ ਨਹੀਂ ਲਗਦਾ। ਸੱਚੇ ਪਾਤਸ਼ਾਹ ਕੀ ਦੇਸ ਦਾ ਅਜੇਹਾ ਹਾਲ ਹੀ ਹੋਵੇਗਾ ਜਾਂ ਕਦੀ ਮੁੜ ਏਸ ਦਾ ਤ੍ਰਾਨ ਵੀ ਹੋਵੇਗਾ ? ਕਦੀ ਮੁੜ ਧਰਮ ਦੀ ਸਥਾਪਨਾ ਵੀ ਹੋ ਸਕੇਗੀ ਜਾਂ ਨਹੀਂ ? ਕੀ ਏਹ ਖਾਲਿਕ ਦੀ ਖਲਿਕ ਇਸੇ ਤਰ੍ਹਾਂ ਹੀ ਸੜਦੀ ਭੁਜਦੀ ਰਵੇਗੀ ਜਾਂ ਏਸ ਦੀ ਕੋਈ ਸਾਰ ਲਵੇਗਾ ? ਸੁਣਦੇ ਹਾਂ ਕਿ ਅਜਿਹੇ ਸਮੇਂ ਈਸ਼ਰ ਅਵਤਾਰ ਧਾਰਕੇ ਮੁੜ ਭੁਲੇ ਭਟਕੇ ਜੀਆਂ ਨੂੰ ਸਤਿ, ਧਰਮ, ਏਕਤਾ, ਇਨਸਾਫ ਆਦਿ ਸ੍ਰੇਸ਼ਟ ਗੁਣਾਂ ਵਿਚ ਪ੍ਰਵਿਰਤ ਕਰਕੇ ਧਰਮ ਦੀ ਸਥਾਪਨਾ ਕਰਦਾ ਏ । ਦੀਨ ਦਯਾਲ ਆਪ ਓਹਨਾਂ ਮਹਾਂਪੁਰਸ਼ਾਂ ਵਿਚੋਂ ਹੀ ਹੋ। ਪੂਰਨ ਗੁਰੂ ਹੋ, ਅਨੰਤ ਕਲਾ ਲੈ ਕੇ ਇਸ ਧਰਤੀ ਤੇ ਆਏ ਹੋ। ਆਪ ਜੀ ਦਾ ਅਵਤਾਰ, ਖਾਲਸਾ ਉਧਾਰ ਅਤੇ ਭਾਰਤ ਮਾਤ ਦੀ ਰੱਖਿਆ ਲਈ ਹੋਯਾਏ, ਇਸ ਲਈ ਆਪ ਕ੍ਰਿਪਾ ਕਰਕੇ ਦੱਸੋ ਜੋ ਅਜੇ ਹੋਰ ਖਾਲਸੇ ਨੂੰ ਕੀ ਕੀ ਦੁੱਖ ਦੇਖਣੇ ਪੈਣਗੇ ? ਰਾਜ ਭਾਗ ਖੁੱਸ ਚੁਕਾਏ। ਦਾਣੇ ਦਾਣੇ ਲਈ ਦੂਜਿਆਂ ਦੇ ਹੱਥਾਂ ਵੱਲ ਤੱਕਨਾ ਪੈਂਦਾ ਏ ਖਾਲਸਈ ਆਨ ਸ਼ਾਨ ਅੱਜ ਘਟੇ ਕੌਡੀਆਂ ਵਿਚ ਰੁਲ ਰਹੀ ਏ। ਨਾਥ ! ਕ੍ਰਿਪਾ ਕਰੋ ਅਤੇ ਦੱਸੋ ਕਿ ਏਹ ਦੁਖ ਦੇ ਦਿਨ ਅਜੇ ਹੋਰ ਕਦੋਂ ਤੀਕ ਦੇਖਨੇ ਪੈਣਗੇ। ਖਾਲਸੇ ਦੇ ਏਹ ਵਾਕ ਸੁਣਕੇ ਸਤਿਗੁਰੂ ਮਸਤੀ ਦੀ ਦਸ਼ਾ ਵਿਚ ਹੋ ਗਏ ਅਤੇ ਉਚੀ ਅਵਾਜ਼ ਨਾਲ ਸੱਦ ਲਾਈ:-

"ਉਚੇ ਮੰਦ੍ਰਾਂ ਵੇ ਵਾਲਿਓ, ਬਿਪਤਾ ਪੈ ਗਈ ਵੇ। ਨੱਥ ਲਾਹੋ ਨੀ ਸੁਹਾਗਣੋ ਤੇ ਭਾਗਣੋਂ। ਦੋ ਦੋ ਚੋਲੀਆਂ ਸੁਆ ਲਵੋ ਸੁਹਾਗਣੋ ਨੀ ਭਾਗਣੋਂ । ਬਿਪਤਾ ਪੈ ਗਈ ਵੇ ਉਚੇ ਮੰਦ੍ਰਾਂ ਵੇ ਵਾਲਿਓ,, ਫਿਰ ਬਚਨ ਕੀਤਾ ਕਿ ਖਾਲਸਾ ਜੀ ਤੁਸੀਂ ਹੁਣ ਸਾਨੂੰ ਭਜਨ ਨਹੀਂ ਕਰਨ ਦਿੰਦੇ ਇਸ ਲਈ ਅਸੀਂ ਇਕੱਲੇ ਜਾ ਬੈਠਾਂਗੇ । ਅੰਗ੍ਰੇਜ਼ ਸਾਡੀ ਦੇਹ ਨੂੰ ਜਰੂਰ ਹੱਥ ਪਾਣਗੇ । ਸੰਤ ਖਾਲਸੇ ਨੂੰ ਬਹੁਤ ਦੁੱਖ ਹੋਵੇਗਾ। ਜੋ ਨਾਮ ਜਪੇਗਾ ਓਹੋ ਕੋਈ ਹਰਿਆ ਬੂਟ ਰਵੇਗਾ, ਜਿਵੇਂ ਚੱਕੀ ਵਿਚ ਦਾਣੇ ਕਿੱਲੀ ਦੇ ਆਸਰੇ ਬੱਚ ਰਹਿੰਦੇ ਹਨ। ਹੋਰ ਸਭ ਖਪ ਜਾਵੇਗੀ। ਦੇਸ਼ ਵਿਚ ਰੌਲਾ ਮਚ ਜਾਵੇਗਾ। ਰੂਸ ਪੰਜਾਬ ਅੰਦਰ ਔਣਗੇ। ਅਜੇਹਾ ਜੁਧ ਹੋਵੇਗਾ ਜੇ ਧਰਤੀ ਉਤੇ ਬਾਂਸ ਸੁਟੀਏ ਤਾਂ ਤੂੜੀ ਹੋ ਜਾਵੇਗੀ।

ਬੜੇ ਬੜੇ ਭਾਰੇ 'ਦਰੱਖਤਾਂ ਦੇ ਟੁੰਡ ਮੁੰਡ ਰਹਿ ਜਾਨਗੇ। ਹਾਥੀ ਘੋੜੇ ਦੇਸ਼, ਦੇਸ਼ਾਂਤ੍ਰਾਂ ਦੇ ਖਤਮ ਹੋ ਜਾਣਗੇ। ਚੰਗੇ ਚੰਗੇ ਸ਼ਸਤ੍ਰ ਪਏ ਰਹਿਣਗੇ ਚੁਕਣ ਵਾਲਾ ਕੋਈ ਨਾ ਰਵੇਗਾ ਪਾਪ ਕਮਾਨ ਵਾਲੇ ਸਭ ਖਪ ਜਾਨਗੇ ਧਰਮ ਦਾ ਡੰਕਾ ਵਜੇਗਾ । ਮਲੇਛਾਂ ਉਤੇ ਅਨਿਕ ਭਾਂਤ ਦੀ ਮਾਰ ਪਵੇਗੀ। ਜਿਸਤ੍ਰਾ ਕਿਸੇ ਦੇ ਸਿਰ ਤੇ ਤੂੜੀ ਦੀ ਪੰਡ ਚੁੱਕੀ ਹੋਵੇ ਅਤੇ ਓਸਦੇ ਚਾਰੇ ਲੜ ਖੁਲ ਜਾਣ ਫਿਰ ਓਹ ਸੰਭਲ ਨਹੀਂ ਸਕਦਾ। ਇਸੇ ਤਰ੍ਹਾਂ ਏਹਨਾਂ ਤੇ ਚੌਹਾਂ ਪਾਸਿਆਂ ਤੋਂ ਬਿੱਜ ਪਵੇਗੀ। ਬੀਮਾਰੀ ਪਵੇਗੀ, ਕਾਲ ਪਵੇਗਾ, ਗਲ ਕੀ ਅਨਿਕ ਭਾਂਤ ਦੀ ਮਾਰ ਪਵੇਗੀ। ਨਾਲ ਹੀ ਦੇਸ਼ ਦਾ ਵੀ ਬਹੁਤ ਬੁਰਾ ਹਾਲ ਹੋਵੇਗਾ ਆਟੇ ਵਿਚ ਲੂਣ ਜਿਤਨੀ ਪ੍ਰਿਥਵੀ ਰਹਿ ਜਾਇਗੀ। ਗਊ ਗਰੀਬ ਨੂੰ ਦੁਖ ਦੇਨ ਵਾਲੇ ਸਭ ਖਪ ਜਾਵਨ ਗੇ, ਦੁਨੀਆਂ ਅਰੜਾਇਕੇ ਮਰੇਗੀ। ਸੰਤ ਦੋਖੀ ਕੋਈ ਠਹਿਰਨਾ ਨਾ ਪਾਏਗਾ। ਓਹੀ ਬਚ ਸਕਣਗੇ ਜੇਹੜੇ ਮਾਯਾ ਥੀਂ ਨਿਰਲੇਪ ਹੋਣਗੇ ਹੋਰ ਸਭ ਖਪ ਜਾਵੇਗੀ। ਸਿਖਾਂ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੇ ਰੂਸ ਨਾ ਆਯਾ, ਸਾਹਿਬਾਂ ਹੁਕਮ ਕੀਤਾ ਤਾਂ ਮੈਂ ਏਸੇ ਦੇਸ਼ ਵਿਚੋਂ ਹੀ ਰੂਸ ਪੈਦਾ ਕਰ ਲਵਾਂਗਾ। ਮਨ ਬਦਲ ਦਿਆਂਗਾ, ਰੂਸ ਤੇ ਇਸਤ੍ਰਾਂ ਔਣਗੇ ਜਿਵੇ ਦੁੱਧ ਨੂੰ ਉਬਾਲ ਔਂਦਾ ਏ। ਜਿਨਾਂ ਚਿਰ ਫਰੰਗੀ ਸਾਡੀ ਦੇਹ ਨੂੰ ਹੱਥ ਨਹੀ ਪੌਂਦੇ ਉਤਨਾ ਚਿਰ ਧਰਮ ਨਹੀਂ ਟੁਰਦਾ ਅਤੇ ਨਾਹੀ ਕੋਈ ਕਾਜ ਸੌਰਦਾ ਏ। ਜੇ ਤੇ ਏਹ ਸਾਨੂੰ ਲੈ ਗਏ ਤਾਂ ਤੇ ਤੁਸੀਂ ਹੋਰ ਗਲਾਂ ਦਾ ਵੀ ਸਚ ਮੰਨ ਲੈਣਾ ਨਹੀ ਤੇ ਸਭ ਝੂਠ ਹੀ ਜਾਨਣਾਂ। ਇਸਤ੍ਰਾਂ ਦੇ ਅਨੇਕ ਬਚਨ ਸਤਿਗੁਰਾਂ ਕੀਤੇ ਸੰਗਤ ਵਿਸਮਾਦ ਹੋ ਗਈ। ਇਤਨੇ ਵਿਚ ਬਾਬੇ ਲੱਖਾ ਸਿੰਘ ਜੀ ਨੇ ਹੋਕਾ ਦਿੱਤਾ ਕਿ ਆਵੋ ਜਿਸ ਨੇ ਨਾਮ ਜਪਣਾ, ਭਜਨ ਪੁੱਛਣਾ ਅਤੇ ਅੰਮ੍ਰਿਤ ਛਕਣਾ ਹੈ। ਇਸ ਦਿਨ 18 ਸੋ ਸਿੰਘ ਨਵੇਂ ਸਜੇ, ਅੰਮ੍ਰਿਤ ਛਕਕੇ ਜਨਮ ਸਫਲ ਕੀਤਾ। ਸਰਦਾਰ ਹੀਰਾ ਸਿੰਘ ਜੀ ਨੇ ਇਕ ਘੋੜੀ ਸੁਨੈਹਰੀ ਜੀਨ ਸਹਿਤ, ਇਕਸੌ ਯਾਰਾਂ ਰੁਪਯੇ ਪੰਜ ਸੌ ਦਾ ਚੋਗਾ, ਸਤਿਗੁਰਾਂ ਦੀ ਭੇਟਾ ਕੀਤਾ ਅਤੇ ਦਰਸ਼ਨ ਕਰਨ ਲਈ ਚਰਨਾਂ ਦਾ ਜੋੜਾ ਮੰਗਿਆ (ਜੋ ਹੁਨ ਸ੍ਰੀ ਭੈਣੀ ਸਾਹਿਬ ਹੈ) ਸਤਿਗੁਰਾਂ ਬਖਸ਼ ਦਿਤਾ। ਅਨੇਕਾਂ ਜੀਆਂ ਦਾ ਉਧਾਰ ਕਰਦੇ ਹੋਏ ਸੱਚੇ ਪਾਤਸ਼ਾਹ ਨੇ ਦੜਪ ਦੇਸ਼ ਨੂੰ ਤਾਰਨ ਲਈ ਕਮਰ ਕਸੇ ਕੀਤੇ। ਅਤੇ ਕਿਲਾ ਸੋਭਾ ਸਿੰਘ ਜਾਕੇ ਡੇਰਾ ਕੀਤਾ॥

ਸੋ ਪਯਾਰੇ ਗੁਰਮੁਖ ਗੁਰਸਿੱਖੋ ਉਸ ਜੀਵਾਲਨ ਹਾਰ ਸਤਿਗੁਰੂ ਨੇ ਗੁਰਸਿੱਖੀ ਦੀ ਸੁੱਕੀ ਹੋਈ ਫੁਲਵਾੜੀ ਨੂੰ ਨਾਮ ਅੰਮਰਤ ਨਾਲ ਸਿੰਚ ਕੇ ਹਰਾ ਭਰਾ, ਸਰਸਬਜ਼ ਤੇ ਸੁਰਜੀਤ ਕੀਤਾ, ਜਿਸਨੇ ਸਾਰੇ ਵਿਸ਼ਵ ਨੂੰ ਨਾਮ ਜਪਾਨ ਦੀ ਮੰਗ ਅਕਾਲ ਪੁਰਖ ਤੋਂ ਕੀਤੀ ਏ, ਇਸ ਲਈ ਸਾਡਾ ਵੀ ਏਹ ਫਰਜ਼ ਹੈ ਕਿ ਨਾਮ ਵਿਹੂਣੀ ਦੁਨੀਆਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਜੁਗੀ ਝੰਡੇ ਹੇਠ ਲਿਆਕੇ ਆਪ ਨਾਮ ਜਪੀਏ ਤੇ ਹੋਰਾਂ ਨੂੰ ਜਪਾਈਏ।

ਸਾਰੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

-----------------------------------------

# A SAGA OF
# SRI SATGURU JAGJIT SINGH JI

✍ –Dr. Sharada Jayagovind

Satguru Partap Singh ji assigned the responsibility of maintaining the accounts of this transaction to Baba ji and Master Balwant Singh ji. This was a community enterprise and is said to be one of the largest land transactions in preIndependent India. Member' Harbans Singh, the surviving grand old man of 105 years, has an interesting story to narrate on this. He told us that the stamp papers available in Hisar was inadequate for registering the land and papers worth Rs. 45,000 had to be bought from Lahore.

Harbans Singh, (known as "Member' as he was a Panchayat member) bought his share of the land in Hisar district. Then, as per the advice of the Satg West Punjab to his hometown in India. Harbans Singh stayed on in West Punjab hoping that Partition would not take place.
But against such hopes, India was divided into two in August 1947. When Punjab was bleeding, Satguru Partap Singh ji did not hesitate for a moment to send his son Baba ji to the newly created Pakistan to bring the Hindus and Sikhs safely to India. The father had given the instruction to Baba ji that this task should be performed with utmost care. He told the son:

"Kaka, you should see that not a single human being, whether Hindu, Sikh or Muslim, should be hurt or killed."

Baba ji and the young men who worked to bring the refugees to the Indian side and transport the Muslims to Pakistan carried out the command of the Satguru with great compassion and courage. The migrating Muslims were provided protection, and the caravans travelling towards Pakistan used to stop at Sri Bhaini Sahib for food and water.

The Partition of India was a story of violence, death and pain and it brought forth the beast in Man to the forefront. This human tragedy left an indelible mark on Baba ji's mind. He had seen enough pain, he had seen enough bloodshed, he had seen enough violence during those days. This traumatic event laid the foundation of the philosophy of peace and non-violence, values on which his life stood. He would not think of hurting or killing any living being.

Satguru ji and Baba ji - the father and the son - personally took upon themselves the task of applying the balm on the wounded souls of the refugees. As they poured in at the borders, Baba ji and his volunteers guided the caravans of the refugees to Amritsar. Once, Satguru Partap

Singh ji himself crossed the border when both sides of Punjab were burning and bleeding with violence. Many a time, Satguru ji camped at Amritsar to receive the uprooted masses.

The refugees from Pakistan followed different routes to reach India. Often, it was their instinct or Guru kirpa which saved them from death. They had to either trek or travel by bullock carts or trains. Their companions were only hunger, thirst and fear.

One day, the fleeing refugees were waiting to board the train to India. Among them was a group of Hindus and Sikhs sitting with Sant Gopal Singh ji, a pious soul, at the Chooherkana railway station. They were chanting the naam. When a train arrived at the platform, the waiting refugees ran towards the train and began to scramble for space. To their horror, some Pakistani soldiers who were travelling on that train started shooting indiscriminately at the refugees. When hundreds fell prey to their bullets, only Sant Gopal Singh ji and the fifteen Sikhs sitting around him remained unhurt. This was the power of the naam.

Master Amrik Singh, the eighty-six-year-old writer and poet, stoic and sage-like, one of the refugees of the Partition holocaust, is now settled in Sri Jiwan Nagar. He is the "Guru of Gurus" as he taught at the Sri Jiwan Nagar school, where the present Namdhari spiritual head Satguru Uday Singh ji studied. Master Amrik Singh ji recalls the grace and guiding hands of Satguru Partap Singh ji and Baba ji which rescued refugees like him from death and paved the way for their rebirth. It is their effort which gave them a new lease of life in India.

When Master Amrik Singh, then a teenager, fled from Pakistan with his parents, grandparents and younger sister, little did he know that the journey would be the last for his sister. She fell prey to the bloodthirsty mobs which slaughtered over one hundred and fifty people in front of them in Lahore from where they boarded the train to Amritsar.

With the naam on their lips and the Satguru in their hearts, Amrik Singh and his grandparents reached the Amritsar railway station. They were hungry and tired, they had no strength left in them even to say Sat Sri Akaal. Namdhari volunteers at the station welcomed them, offered food and directed them to Sri Bhaini Sahib.

Satguru Partap Singh ji received the refugees at the main gate with tears in his eyes. They stayed in Sri Bhaini Sahib for two days and boarded the train to Sirsa from Ludhiana. There were thousands of refugees like them. From Sirsa to Sri Jiwan Nagar, the young men and women were asked to walk down the mud paths while the old and the infirm were sent by bullock carts to begin a new life.

**to be continue.......**

# ਕਾਵਿ-ਕਿਆਰੀ

## ਸਾਹਵੇਂ ਜਦੋਂ ਖਲਾ ਹੋਇਆ ਚੀਨੀ ਅਸਵਾਰ ਹੋਵੇ

**ਤਰਨ ਸਿੰਘ ਵਹਿਮੀ**

ਹੱਸ ਹੱਸ ਨਸ ਨਸ ਜਾਵੇ ਪਿਆ ਤੋਪ ਅਗੇ,
ਆਖ ਗੋਲਾ ਛੇਤੀ ਮਾਰੋ ਛਾਤੀ ਵਿਚੋਂ ਪਾਰ ਹੋਵੇ।

ਤੋਪ ਤੇ ਬੰਦੂਕ ਤੋਂ ਨ ਡਰ ਪਿਛਾਂ ਹਟੀਦਾ ਏ,
ਚੁਕਿਆ ਜੇ ਸਿਰ ਉਤੇ ਇਸ਼ਾਰੇ ਦਾ ਭਾਰ ਹੋਵੇ।

ਛੇਤੀ ਕਰੋ ਨਾਲ ਦਿਆਂ ਸਾਥੀਆਂ ਨੂੰ ਭੱਜ ਮਿਲਾਂ,
ਪੈਂਦੀ ਏ ਪਈ ਵਿਥ ਮੈਨੂੰ ਫੋਕਾ ਤਕਰਾਰ ਹੋਵੇ।

ਮਾਰ ਐਸਾ ਗੋਲਾ ਮੈਨੂੰ ਖਿਚ ਕੇ ਨਿਸ਼ਾਨਚੀਆ,
ਉਡ ਜਾਣ ਫਿੰਜੜਾਂ ਤੇ ਟੋਟਾ ਕਈ ਹਜਾਰ ਹੋਵੇ।

ਰਲ ਕੇ ਹਵਾ ਵਿਚ ਰੂਹ ਦ ਨਸ਼ਾ ਮੇਰੀ,
ਭਾਰਤ ਦੇ ਵਾਸੀਆਂ ਨੂੰ ਪੂਰਾ ਪ੍ਰਚਾਰ ਹੋਵੇ।

ਮਾਰ ਮਾਰ ਧਕੇ ਦੇਸੋਂ ਕਢ ਦੇਵੋ ਗੋਰਿਆਂ ਨੂੰ,
ਮਤ ਸਤਿਗੁਰਾਂ ਦੀ ਲੈ ਸਭ ਹੀ ਬੇਦਾਰ ਹੋਵੇ।

ਉਮਰ ਛੁਟੇਰੀ ਜਾਣ ਦੇਵੋ ਕਿਉ ਦਲੇਰੀ ਭੈੜੀ,
ਤੁਸਾਂ ਜਿਹਾਂ ਪਾਜੀਆਂ ਨੂੰ ਕੀ ਸਾਡੀ ਸਾਰ ਹੋਵੇ।

ਕਿਵੇਂ ਆਖੇ ਲਗ ਕੇ ਤੁਹਾਡੇ ਪਿਛਾਂ ਹਟ ਜਾਵਾਂ,
ਜੱਟਾ ਜਦੋਂ ਸਾਹਵੇਂ ਖਲਾ ਚੀਨੀ ਅਸਵਾਰ ਹੋਵੇ।

ਚੁੰਮਾਂ ਮਥੇ ਲਾਵਾਂ ਰਖਾਂ ਅਖੀਆਂ ਦੇ ਸਾਹਮਣੇ ਮੈਂ,
ਇਹੋ ਜੇਹੀ ਕਿਤੇ ਤਸਵੀਰ ਜੇ ਤਿਆਰ ਹੋਵੇ।

ਇਕ ਪਾਸੇ ਬੀੜੀ ਹੋਈ ਹੋਵੇ ਤੋਪ ਜਾਲਮਾਂ ਨੇ,
ਦੂਜੇ ਪਾਸੇ ਮੌਤ ਬੈਠੀ ਗੁੰਦ ਦੀ ਪਈ ਹਾਰ ਹੋਵੇ।

ਟੋਪੀ ਵਾਲੇ ਸਾਹਬ ਹੋਣ ਤੋਪ ਨੂੰ ਚਲੌਣ ਵਾਲੇ,
ਸਾਹਮਣੇ ਸ਼ਹੀਦਾਂ ਬਧੀ ਲੰਮੀ ਜਹੀ ਕਤਾਰ ਹੋਵੇ।

ਵਾਰੀ ਵਾਰੀ ਮੌਤ ਰਾਣੀ ਇਕ ਇਕ ਤਾਂਈ ਲੈਕੇ,
ਤੋਪ ਅਗੇ ਕਰ ਸਿਰ ਦੇਂਦੀ ਪਈ ਪਿਆਰ ਹੋਵੇ।

ਤੂੰਬੇ ਤੂੰਬੇ ਲੀਰ ਲੀਰ ਹੋਵੇ ਜਾਂ ਸ੍ਰੀਰ ਉਹਦਾ,
ਛੇਤੀ ਨਾਲ ਭਜ ਅਗੇ ਦੂਸਰਾ ਤਿਆਰ ਹੋਵੇ।

ਖੇਡਨ ਪਏ ਇਹ ਸ਼ਹੀਦ ਵਿਚ ਕੋਟਲੇ ਦੇ,
ਦੁਸ਼ਮਨਾਂ ਦੇ ਦਿਲ ਵਿਚੋਂ ਨਿਕਲਦਾ ਬੁਖਾਰ ਹੋਵੇ।

ਉਮਰ ਛੁਟੇਰੀ ਦਾ ਉਹ ਜ੍ਹੇੜਾ ਏ ਸ਼ਹੀਦ ਬੁਚਾ,
ਉਹਦੇ ਉਤੇ ਕਰਦੀ ਪਈ ਰਹਿਮ ਸਰਕਾਰ ਹੋਵੇ।

ਕਹਿਣ ਪਿਛਾਂ ਹਟਜਾਹ ਨ ਮੌਤ ਅਨਿਆਈਂ ਮਰ,
ਵੇਖ ਵੇਖ ਤੈਨੂੰ ਸਾਡਾ ਦਿਲ ਬੇ-ਕਰਾਰ ਹੋਵੇ।

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

ਇਕ ਦਿਨ ਮੈਨੂੰ ਇਤਲਾਹ ਮਿਲੀ ਕਿ ਅੜਬੰਗੀ ਲੁਧਿਆਣੇ ਦੇ ਬਾਜਾਰ ਵਿਚ ਫਿਰਦਾ ਹੈ।

ਸ਼ਾਇਦ ਉਸ ਨੂੰ ਪਤਾ ਸੀ ਕਿ ਮੇਰੇ ਕੇਸ ਵਿਚ ਕੁਝ ਨਹੀਂ, ਕਿਉਂ ਨਾ ਇਕ ਦੂ ਇਕ ਹੋ ਲਵੇ, ਮੈਂ ਐਵੇਂ ਕਿਉਂ ਲੁੱਕਦਾ ਫਿਰਾਂ।

ਇਸ ਖ਼ਬਰ ਨੇ ਮੇਰਾ ਖੁਸ਼ੀ ਨਾਲ ਦਿਲ ਭਰ ਦਿੱਤਾ ਪਰ ਜਿੰਨਾ ਚਿਰ ਉਹ ਗ੍ਰਿਫ਼ਤਾਰ ਹੋ ਕੇ ਮੇਰੇ ਕੋਲ ਜਾਂ ਜਿਹਲ ਵਿਚ ਨਾ ਪੁੱਜ ਜਾਵੇ, ਉਨਾ ਚਿਰ ਉਸ ਛਲਾਵੇ ਦਾ ਕੋਈ ਵੀ ਇਤਬਾਰ ਨਹੀਂ ਸੀ। ਮੈਂ ਸ਼ਹਿਰ ਦੇ ਭੈਣੀ ਸਾਹਿਬ ਨੂੰ ਜਾਣ ਵਾਲੇ ਸਾਰੇ ਨਾਕਿਆਂ ਤੇ ਚਾਲਾਕ ਤੇ ਜ਼ਬਰਦਸਤ ਪਹਿਰੇ ਲਾ ਦਿੱਤੇ।

ਮੈਨੂੰ ਉਸ ਦਾ ਉਹ ਵਾਹਦਾ ਵੀ ਯਾਦ ਆਇਆ, ਜੋ ਉਸ ਮੇਰੇ ਨਾਲ ਕੀਤਾ ਸੀ ਕਿ ਥੋੜ੍ਹੇ ਦਿਨਾਂ ਤੀਕ ਮੈਂ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਵਾਂਗਾ। ਤਾਂ ਕੀ ਉਹ ਆ ਗਿਆ ? ਜੇ ਇਹ ਸੱਚ ਹੈ, ਫਿਰ ਉਸ ਜਿਹਾ ਬਦਕਿਸਮਤ ਹੋਰ ਕੌਣ ਹੋ ਸਕਦਾ ਹੈ, ਜਦ ਕਿ ਉਹ 302 ਦਾ ਮੁਜਰਮ ਤੇ ਪੁਲਿਸ ਦੇ ਸਾਰਜੰਟ ਦਾ ਕਾਤਲ ਹੈ, ਜਿਸ ਵਿਚ ਉਸ ਨੂੰ ਫਾਂਸੀ ਜਾਂ ਕਾਲੇ ਪਾਣੀ ਤੋਂ ਘੱਟ ਹੋਰ ਕੋਈ ਸਜ਼ਾ ਨਹੀਂ ਹੋ ਸਕਦੀ। ਇਹ ਸਭ ਕੁਝ ਜਾਣਦਾ ਬੁੱਝਦਾ ਉਹ ਫਿਰ ਵੀ ਆ ਗਿਆ। ਕੀ ਉਹ ਮੇਰੇ ਤੇ ਵਿੱਸ ਗਿਆ ਹੈ ਕਿ ਉਸ ਮੈਨੂੰ ਕੁਝ ਨਹੀਂ ਕਹਿਣਾ ਅਤੇ ਮੈਂ ਉਸ ਨੂੰ ਹੀ ਸੁੱਕਾ ਜਾਣ ਦਿਆਂਗਾ। ਉਹ ਮੂਰਖਾਂ ਦੇ ਦੇਸ਼ ਵਿਚ ਵਸਦਾ ਹੈ। ਮੈਂ ਉਸ ਜਿਹਾ ਪਾਗਲ ਨਹੀਂ ਕਿ ਹੱਥ ਆਏ ਵੈਰੀ ਨੂੰ ਛੱਡ ਦਿਆਂ। ਮੈਂ ਉਸ ਨੂੰ ਫੜ ਕੇ ਜਰੂਰ ਹੀ ਫਾਂਸੀ ਲੁਆਵਾਂਗਾ। ਬ੍ਰਿਟਿਸ਼ ਸਰਕਾਰ ਦਾ ਕੋਈ ਵੀ ਬਾਗੀ ਮੈਂ ਜਿਉਂਦਾ ਨਹੀਂ ਫਿਰਨ ਦੇਣਾ। ਪਤਾ ਨਹੀਂ ਕਿਹੋ ਜਿਹਾ ਬੰਦਾ ਹੈ ਉਹ ਜੋ ਆਖ਼ਦਾ ਹੈ, ਜਰੂਰ ਕਰਦਾ ਹੈ, ਜੋ ਕਰ ਬੈਠਦਾ ਹੈ ਉਸ ਤੋਂ ਫਿਰ ਕਦੀ ਵੀ ਮੁਨਕਰ ਨਹੀਂ ਹੁੰਦਾ। ਧੋਖਾ, ਦਗਾ, ਫਰੇਬ, ਛਲ, ਕਪਟ, ਝੂਠ ਤੋਂ ਉਹ ਵਾਕਿਫ ਹੀ ਨਹੀਂ। ਜਿਸ ਨੂੰ ਲੱਭਦੇ ਲੱਭਦੇ ਉਸ ਦੇ ਘਰ ਜਾ ਕੇ ਵੀ ਅਸੀਂ ਉਸ ਨੂੰ ਫੜ ਨਾ ਸਕੇ, ਜੇ ਉਹ ਆਪ ਮੌਤ ਦੇ ਮੂੰਹ ਵਿਚ ਹੱਥ ਆ ਦਏ, ਇਹ ਹਿਮਾਕਤ ਨਹੀਂ ਤਾਂ ਹੋਰ ਕੀ ਹੈ ? ਉਸ ਨੂੰ ਪਤਾ ਹੈ ਕਿ ਵਾਕਿਆ ਦਾ ਚਸ਼ਮਦੀਦ ਗਵਾਹ ਕੋਈ ਨਹੀਂ। ਇਕ ਪੁਲਿਸ ਐਸ.ਪੀ. ਦੀ ਇਹ ਕੋਡੀ ਇਨਸਲਟ ਹੈ ਕਿ ਇਸ ਗੁਲਾਮੀ ਦੇ ਜੁਗ ਵਿਚ ਉਸ ਦੇ ਕਹੇ ਸ਼ਹਾਦਤ ਕੋਈ ਨਾ ਦਏ। ਮੇਰੀ ਨਾ ਕਾਮਯਾਬੀ ਤੇ ਕਮਜ਼ੋਰੀ ਦੀ ਇਹ ਇੰਤਹਾ ਹੈ। ਉਹ ਕਿਹੜਾ ਲਾਲਚ ਜਾਂ ਚਕਮਾ ਹੈ ਜੋ ਲੋਕਾਂ ਨੂੰ ਮੈਂ ਨਹੀਂ ਦਿੱਤਾ ਪਰ ਫਿਰ ਵੀ ਕਿਸੇ ਨਹੀਂ ਮੰਨਿਆ ਕਿ ਮੈਂ ਆਖ ਦਿਆਂਗਾ ਕਿ ਅੜਬੰਗੀ ਨੂੰ ਗੇਂਦੇ ਨੂੰ ਮਾਰਦਿਆਂ ਮੈਂ ਡਿੱਠਾ ਹੈ। ਸਾਰੇ ਇਲਾਕੇ ਵਿਚ ਮੈਂ ਇਕ ਵੀ ਗਵਾਹ ਪੈਦਾ ਨਹੀਂ ਕਰ ਸਕਿਆ। ਕੇਡਾ ਭਾਗਾਂ ਦਾ ਵਲੀ ਹੈ ਉਹ ! ਅੱਛਾ ਇਕ ਵਾਰ ਕਾਬੂ ਆ ਜਾਵੇ ਸਹੀ, ਨਾ ਹੋਵੇ ਕੋਈ ਗਵਾਹ। ਉਸ ਕਾਲੇ ਬੰਗਾਲੀ, ਘੋਸ਼ ਬਾਬੂ ਜੱਜ ਦੀ ਹਸਤੀ ਕੀ ਹੈ ਕਿ ਉਹ ਗੋਰੇ ਐਸ.ਪੀ. ਦੇ ਇਸ਼ਾਰੇ ਤੇ ਨਾ ਚਲੇ ?

ਆਖਰ ਅੜਬੰਗੀ ਚੌੜਾ ਬਾਜ਼ਾਰ, ਘਾਹ ਮੰਡੀ ਕੋਲ ਲੱਤਾਂ ਨੂੰ ਬੰਨ੍ਹਣ ਵਾਲੀਆਂ ਪੱਟੀਆਂ ਖਰੀਦਦਾ ਫੜਿਆ ਗਿਆ। ਇਕ ਸਿਪਾਹੀ ਜੋ ਭੈਣੀ ਦੀ ਚੌਕੀ ਵਿਚ ਢੇਰ ਚਿਰ ਰਹਿ ਆਇਆ ਸੀ ਅਤੇ ਬਹੁਤ ਸਾਰੇ ਕੂਕਿਆਂ ਨੂੰ ਜਾਣਦਾ ਸੀ, ਨੇ ਪਿਛੋਂ ਜੱਫੀ ਜਾ ਪਾਈ। ਦੂਜਿਆਂ ਕਾਬੂ ਕਰਕੇ ਹੱਥਕੜੀ ਲਾ ਲਈ। ਉਸ ਅਸਲੋਂ ਕੋਈ ਸ਼ਰਾਰਤ ਨਾ ਕੀਤੀ, ਸਗੋਂ ਹੱਸਦਿਆਂ ਹੱਸਦਿਆਂ ਹੱਥਕੜੀ ਲੁਆ ਲਈ। ਸਿਪਾਹੀਆਂ ਨੂੰ ਆਪਣੀ ਤਾਕਤ ਵਿਖਾਉਣ ਲਈ ਉਸ ਜ਼ਰਾ ਕੁ ਹੱਥ ਛੰਡੇ, ਹੱਥਕੜੀ ਦਾ ਸੰਗਲ ਸੂਤਰ ਦੇ ਤੰਦ ਵਾਂਗ ਟੁੱਟ ਕੇ ਔਹ ਜਾ ਪਿਆ। ਉਹ ਬਿਫਰੇ ਸ਼ੇਰ ਵਾਂਗ ਨਿਰਭੈ ਖਲੋਤਾ ਸੀ ਅਤੇ ਆਖ ਰਿਹਾ ਸੀ "ਚਲੋ ਜਿਥੇ ਲੈ ਚਲਣਾ ਜੇ। ਮੈਂ ਆਪ ਚੱਲਾਂਗਾ, ਕਿਉਂਕਿ ਮੈਂ ਆਇਆ ਹੀ ਇਸੇ ਕੰਮ ਸਾਂ। ਜੇ ਨੱਸਣਾ ਚਾਹਾਂ ਤਾਂ ਹੁਣ ਨੱਸ ਸਕਦਾ ਹਾਂ ਪਰ ਅਜਿਹਾ ਨਹੀਂ ਕਰਨਾ, ਜਰਾ ਇਹ ਤਮਾਸ਼ਾ ਭੀ ਵੇਖ ਲਵਾਂ।" ਹਥਿਆਰਬੰਦ ਪੁਲੀਸ ਦੀ ਗਾਰਦ ਆ ਗਈ ਸੀ। ਅੱਗੇ ਪਿੱਛੇ ਹੋਏ ਉਸ ਨੂੰ ਵਿਚਕਾਰ ਲਈ ਕੋਤਵਾਲੀ ਨੂੰ ਆ ਰਹੇ ਸਨ। ਉਸ ਦੇ ਗਲ ਗੇਰੂਏ ਰੰਗ ਦੀ ਗਾਤੀ ਸੀ, ਸਿਰ ਉਤੇ ਉਸੇ ਰੰਗ ਦਾ ਖੱਦਰ ਦਾ ਪਰਨਾ ਜਿਹਾ ਸੀ। ਇਕ ਹੱਥ ਵਿਚ ਚਿੱਪੀ, ਦੂਜੇ ਵਿਚ ਪਹਾੜੀ ਲੱਕੜ ਦੀ ਮੋਟੇ ਸਿਰੇ ਵਾਲੀ ਲੰਮੀ, ਸੰਮ ਲੱਗੀ ਉਸ ਦੇ ਕੱਦ ਦੇ ਮੇਚ ਦੀ ਸੋਟੀ ਸੀ। ਉਸ ਦੇ ਚਿਹਰੇ ਦਾ ਰੰਗ ਸਿਉ ਜਿਹਾ ਲਾਲ ਸੀ, ਜਿਸ ਉੱਤੇ ਬੇਪ੍ਰਵਾਹੀ ਤੇ ਬੇਖੌਫ਼ੀ ਦੀ ਆਭਾ ਦਾ ਜਲਾਲ ਸੀ। ਕਾਲੀ ਸੰਘਣੀ ਗੋਲ ਦਾੜੀ ਵਿਚੋਂ ਉਸ ਦੇ ਲਾਲ ਬੁੱਲ੍ਹ ਅਤੇ ਚਿੱਟੇ ਸਫ਼ੈਦ ਦੰਦ ਇਉਂ ਜਾਪਦੇ ਸਨ ਜਿਵੇਂ ਸੰਗੇ ਮੂਸਾ ਵਿਚ ਲਾਲਾਂ ਤੇ ਹੀਰਿਆਂ ਦੀ ਮੀਨਾਕਾਰੀ ਚਿਤਰੀ ਹੁੰਦੀ ਹੈ, ਜਿਵੇਂ ਕਾਲੀ ਘਟਾ ਵਿਚ ਬਿਜਲੀ ਦੀ ਲਿਸ਼ਕ ।

ਮੇਰੇ ਕੋਲ ਆ ਕੇ ਉਸ, ਉਸੇ ਬੇਪ੍ਰਵਾਹੀ ਤੇ ਬੇ-ਖੌਫੀ ਨਾਲ ਕਿਹਾ, "ਸਤਿ ਸ੍ਰੀ ਅਕਾਲ ਬਾਰਬਰਟਨ ਸਾਹਿਬ ਬੇਸ਼ਰਮੀ ਦੀ ਵੀ ਆਖ਼ਰ ਕੋਈ ਨਾ ਕੋਈ ਹੱਦ ਹੋਇਆ ਕਰਦੀ ਹੈ। ਮੈਕਲੋਡ ਗੰਜ ਦੇ ਟਿੱਬਿਆਂ ਵਿਚ ਯਸੂ ਮਸੀਹ ਦੀਆਂ ਕਸਮਾਂ ਖਾਧੀਆਂ ਏਡੀ ਜਲਦੀ ਵਿਸਰ ਗਈਆਂ ਜੋ ? ਕੁਝ ਤਾਂ ਜੇਰਾ ਕਰ ਕੇ ਵੇਖਣਾ ਸੀ?

ਮੈਂ ਚੁੱਪ ਰਿਹਾ ਕਿਉਂਕਿ ਜਾਣਦਾ ਸੀ ਕਿ ਜੇ ਇਸ ਦੀ ਬਾਚੀ ਖੁਲ੍ਹ ਗਈ, ਫਿਰ ਇਕੇ-ਸਾਹੇ ਸੌ ਸੌ ਸੁਣਾਏਗਾ। ਹੋ ਸਕਦਾ ਹੈ ਕਿ ਮੇਰੀ ਬਹਾਦਰੀ ਦਾ ਭਾਂਡਾ ਸਭ ਦੇ ਸਾਹਮਣੇ ਭੰਨ ਕੇ ਮੇਰਾ ਰੋਅਬ ਮਿੱਟੀ ਵਿਚ ਮਿਲਾ ਦਏ। ਉਥੋਂ ਆ ਕੇ ਜਿਸ ਬਹਾਦਰੀ ਦੀਆਂ ਡੀਂਗਾਂ ਮੈਂ ਮਾਰੀਆਂ ਹਨ ਉਹ ਸਭ ਉੱਘੜ ਜਾਣਗੀਆਂ ਤੇ ਅਫਸਰੀ ਦਾ ਮੌਜੂ ਉੱਡ ਜਾਵੇਗਾ। ਮੈਂ ਤੇ ਆਪਣੀ ਛੜੀ ਗੁਆਚੀ ਦਾ ਜ਼ਿਕਰ ਵੀ ਕਿਸੇ ਕੋਲ ਨਹੀਂ ਸੀ ਕੀਤਾ।

ਉਸ ਫਿਰ ਕਿਹਾ "ਜਿੰਨਾ ਜ਼ੋਰ ਲੱਗਦਾ ਈ ਲਾ ਵੇਖ । ਪਰ ਯਾਦ ਰੱਖ, ਤੂੰ ਤੇ ਤੇਰੀ ਇਹ ਬੇਈਮਾਨ ਵਿਦੇਸ਼ੀ ਸਰਕਾਰ ਮੇਰਾ ਕੁਝ ਵੀ ਵਿਗਾੜ ਨਹੀਂ ਸਕਦੇ। ਨਾ ਹੀ ਅੱਜ ਤੀਕਰ ਸਤਾਰਾਂ ਵਾਰੀ ਮੁਕੱਦਮੇ ਚਲਾ ਕੇ ਵਿਗਾੜ ਸਕੇ ਜੇ। ਕਿਉਂਕਿ ਮੈਂ ਨਿਰਦੋਸ਼ ਹਾਂ, ਕਿਉਂਕਿ ਮੇਰੇ ਵੱਲ ਮੇਰਾ ਚੀਨੀ ਵਾਲਾ ਪਾਤਸ਼ਾਹ ਤੇ ਮੇਰਾ ਈਮਾਨ ਹੈ, ਮੇਰੇ ਸਿਰ ਤੇ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਹੱਥ ਹੈ, ਮੇਰੇ ਵੱਲ ਅੰਨਪੂਰਣਾ ਦਾ ਸਾਕਾਰ ਅਵਤਾਰ ਮਾਈ ਜੀਉਣ ਕੌਰ ਹੈ।

## 8

ਕੇਸ ਸ਼ੁਰੂ ਹੋ ਗਿਆ। ਸਬੂਤ ਨਾ ਮਿਲਣ ਕਰ ਕੇ ਹੋਰ ਤੇ ਸਾਰੇ ਕੇਸ ਵਾਪਸ ਲੈ ਲਏ ਗਏ। ਗੇਂਦੇ ਦੇ ਕੇਸ ਵਿਚ ਮੈਂ ਆਪਣੀ ਚਾਲਾਕੀ ਤੋਂ ਕੰਮ ਲੈ ਕੇ ਪੰਜਵੇਂ ਪਿੰਡ ਦਾ, ਕਾਲੇ ਮੋਤੀਏ ਨਾਲ ਅੰਨਾ ਹੋਇਆ ਚਮਾਰ 'ਪੀਰ ਦਿੱਤਾ ਭਗਤਾਵਾ ਕਰ ਲਿਆ। ਉਸ ਕਿਹਾ "ਮੈਂ ਕੋਟ ਤੋਂ ਪੰਜੋਟਿਆਂ ਨੂੰ ਜਾ ਰਿਹਾ ਸਾਂ, ਅੜਬੰਗੀ, ਜਿਸ ਕਈ ਵਾਰ ਮੇਰੇ ਕੋਲੋਂ ਜੁੱਤੀਆਂ ਬਣਵਾਈਆਂ ਸਨ, ਢੱਕੀ ਵਿਚ ਗੇਂਦੇ ਨੂੰ ਢਾਹ ਕੇ ਮਾਰ ਰਿਹਾ ਸੀ। ਮੈਂ ਕਿਹਾ, ਓਇ ਸਿੱਖਾ! ਤਰਸ ਕਰ, ਕਿਉਂ ਗਰੀਬ ਬੇਦੋਸ਼ੇ ਨੂੰ ਮਾਰ ਰਿਹਾ ਹੈਂ? ਇਹ ਸੁਣ ਕੇ ਇਸ ਅੜਬੰਗੀ ਕਿਹਾ, "ਠਹਿਰ ਜਰਾ ਕੁੱਤਿਆ ਚਮਾਰਾ, ਤੈਨੂੰ ਵੀ ਪਤਾ ਦਸ ਲੈਂਦਾ ਹਾਂ। ਬਸ ਮੈਂ ਤੇ ਜਿਉਂ ਨੱਸਿਆ ਭੈਣੀ ਸਾਹਿਬ ਆ ਕੇ ਚੌਂਕੀ ਵਾਲਿਆਂ ਕੋਲ ਦੁਹਾਈ ਦਿੱਤੀ ਕਿ ਜਾਓ ਜਾ ਕੇ ਪਤਾ ਕਰੋ, ਅੜਬੰਗੀ ਕੂਕੇ ਨੇ ਗੇਂਦੇ ਹੌਲਦਾਰ ਨੂੰ ਮਾਰ ਦਿੱਤਾ ਜੇ ।

ਅੜਬੰਗੀ ਦਾ ਵਕੀਲ ਤੇ ਕੋਈ ਹੈ ਨਹੀਂ ਸੀ। ਮੈਂ ਹੋਣ ਹੀ ਕੋਈ ਨਹੀਂ ਸੀ ਦਿੱਤਾ। ਜਿਸ ਤੋਂ ਕੂਕੇ ਪੁੱਛ ਗਿੱਛ ਕਰਦੇ ਸਨ, ਮੈਂ ਜ਼ਰਾ ਕੁ ਸਦ ਕੇ ਧਮਕਾਉਂਦਾ ਸਾਂ, ਉਹ ਭੁਗਤਣੋਂ ਤੋਬਾ ਕਰ ਜਾਂਦਾ ਸੀ। ਜੱਜ ਨੇ ਗੇਂਦੇ ਨੂੰ ਮਾਰਨ ਦੇ ਜੁਰਮ ਵਿਚ ਅੜਬੰਗੀ ਨੂੰ ਸੈਸ਼ਨ ਸਪੁਰਦ ਕਰ ਦਿੱਤਾ।

ਪੀ.ਪੀ. (ਪਬਲਿਕ ਪ੍ਰਾਸੀਕਿਊਟਿਰ) ਨੇ ਕਿਹਾ, "ਭਗਵਾਨ ਸਿੰਘਾ, ਕੋਈ ਉਜਰ ਕਰ ਲੈ।

"ਜਿਥੇ ਇਨਸਾਫ਼ ਦਾ ਦਿਨ ਦਿਹਾੜੇ ਖ਼ੂਨ ਕੀਤਾ ਜਾਂਦਾ ਹੋਵੇ, ਉਥੇ ਉਜਰ ਦੇ ਕੀ ਅਰਥ ਹੋ ਸਕਦੇ ਨੇ। ਉਸ ਕਿਹਾ।

ਜਿਹਲ ਵਿਚ, ਫਾਂਸੀ ਵਾਲੀ ਕੋਠੀ ਲਾਣ ਤੋਂ ਪਹਿਲਾਂ ਭਾਰ ਤੋਲਿਆ ਗਿਆ, ਤਦ ਪਹਿਲਾਂ ਨਾਲੋਂ ਪੰਜ ਸੇਰ ਵੱਧ ਨਿਕਲਿਆ। ਅਸੀਂ ਸਾਰੇ ਹੈਰਾਨ ਸੀ। ਪਰ ਉਸ ਦੇ ਚਿਹਰੇ ਤੇ ਲਾਲੀਆਂ ਦਗਦੀਆਂ ਸਨ। ਉਹ ਫਾਂਸੀ ਦੀ ਕੋਠੀ ਨੂੰ ਇਉਂ ਬੇਫਿਕਰ ਤੇ ਹੌਂਸਲੇ ਨਾਲ ਜਾਂਦਾ ਸੀ, ਜਿਵੇਂ ਕੋਈ ਪੰਜਾਬੀ ਪਹਿਲਾਂ ਪਹਿਲ ਸਹੁਰਿਆਂ ਨੂੰ ਜਾ ਰਿਹਾ ਹੋਵੇ।

## 9

ਘਰ ਵਿਚ ਆ ਕੇ ਮੈਂ ਇਸ ਫ਼ੈਸਲੇ ਦੀ ਗੱਲ ਆਪਣੇ ਪਰਵਾਰ ਵਿਚ ਕੀਤੀ, ਉਨ੍ਹਾਂ ਇਸ ਦਾ ਇੰਞ ਅਫ਼ਸੋਸ ਕੀਤਾ, ਜਿਵੇਂ ਕੋਈ ਉਨ੍ਹਾਂ ਦਾ ਆਪਣਾ ਫਾਂਸੀ ਲਗਿਆ ਹੋਵੇ। ਮੇਰੀ ਵੱਡੀ ਲੜਕੀ ਮਿਸ ਸੋਫੀਆ ਨੇ ਕਿਹਾ - ਪਾਪਾ। ਸਮਝ ਨਹੀਂ ਆ ਰਹੀ, ਜੋ ਤੁਸੀਂ ਨਾ ਹੱਕ ਬੇਗੁਨਾਹ ਕੂਕਿਆਂ ਦੇ ਮਗਰ ਇੰਞ ਹੱਥ ਧੋ ਕੇ ਕਿਉਂ ਪਏ ਹੋਏ ਜੇ ? ਖ਼ਬਰੇ ਤੁਹਾਡੇ ਇਸ ਗੁਨਾਹ ਨੇ ਹੀ ਸਾਨੂੰ ਵੀਰ ਦਾ ਮੂੰਹ ਨਾ ਵੇਖਣ ਦਿੱਤਾ ਹੋਵੇ। ਜਿਸ ਇਕੱਲੇ ਕਾਬੂ ਆਇਆਂ ਦੀ ਨਾ ਕੇਵਲ ਜਾਨ ਬਖਸ਼ੀ, ਸਗੋਂ ਤੁਹਾਡੀ ਵੱਧ ਤੋਂ ਵੱਧ ਖਾਤਰਦਾਰੀ ਵੀ ਕੀਤੀ, ਉਸੇ ਨੂੰ ਹੀ ਤੁਸੀਂ ਅੱਜ ਮੌਤ ਦੇ ਮੂੰਹ ਦੇ ਕੇ ਖ਼ੁਸ਼ ਹੋ ਰਹੇ ਹੋ ? ਕੀ ਇਹੀ ਪ੍ਰਭੂ ਪ੍ਰਾਈਸਟ ਦੀ ਤਾਲੀਮ ਹੈ ? ਕੀ ਇਸੇ ਦਾ ਨਾ ਈਸਾਈਅਤ ਹੈ ? ਕਦੀ ਤੁਸੀਂ ਵੀ ਕਿਸੇ ਅਦਾਲਤ ਵਿਚ ਪੇਸ਼ ਹੋਣਾ ਹੈ, ਕੀ ਸਫਾਈ ਦਿਓਗੇ ਇਨ੍ਹਾਂ ਕਾਲੀਆਂ ਕਰਤੂਤਾਂ ਦੀ ਕਸਮ ਖਾ ਕੇ ਇਕ ਨਿਰਦੋਸ਼ ਇਨਸਾਨ ਨਾਲ ਕਪਟ ਚੰਗਾ ਨਹੀਂ ਹੋਇਆ ਕਰਦਾ, ਆਖ਼ਰ ਜਿੱਤ ਸੱਚਾਈ ਤੇ ਗਰੀਬੀ ਦੀ ਹੋਣੀ ਹੈ। ਲਾਰਡ ਕ੍ਰਾਈਸਟ ਨੇ ਇਸ ਵਾਸਤੇ ਅੰਜੀਲ ਵਿਚ ਫੁਰਮਾਇਆ ਹੈ ਕਿ, "ਮੁਬਾਰਕ ਹਨ ਉਹ ਲੋਕ ਜੋ ਦਿਲ ਦੇ ਗਰੀਬ ਹਨ। ਅਸਮਾਨ ਦੀ ਬਾਦਸ਼ਾਹਤ ਉਨ੍ਹਾਂ ਦੀ ਹੈ। ਉਸ ਬਾਦਸ਼ਾਹਤ ਵੱਲ ਤੁਸੀਂ ਭੁਲ ਭੁਲੇਖੇ ਵੀ ਮੂੰਹ ਨਹੀਂ ਕਰ ਸਕੋਗੇ ਅਤੇ ਜਿਨ੍ਹਾਂ ਨੂੰ ਤੁਸੀਂ ਸਤਾ ਰਹੇ ਹੋ, ਲਾਰਡ ਕ੍ਰਾਈਸਟ ਦੀ ਅਦਾਲਤ ਵਿਚ ਇਨ੍ਹਾਂ ਅੱਗੇ ਤੁਹਾਨੂੰ ਜ਼ਰੂਰ ਹੀ ਝੁਕਣਾ ਪਏਗਾ, ਕਿਉਂਕਿ ਪਵਿੱਤਰ ਧਰਮ ਪੁਸਤਕ ਅੰਜੀਲ ਦਾ ਫਰਮਾਨ ਹੈ ਕਿ, "ਮੁਬਾਰਕ ਹਨ ਉਹ ਲੋਕ ਜੋ ਸੱਚਾਈ ਦੇ ਰਾਹ ਤੇ ਸਤਾਏ ਜਾਂਦੇ ਹਨ, ਅਸਮਾਨ ਦੀ ਬਾਦਸ਼ਾਹਤ ਇਨ੍ਹਾਂ ਦੀ ਹੀ ਹੈ। ਮੇਰੇ ਚੰਗੇ ਪਾਪਾ ਜੀ ਕੀ ਤੁਸੀਂ ਮੈਨੂੰ ਇਜਾਜ਼ਤ ਦੇ ਸਕੋਗੇ ਕਿ ਮੈਂ ਉਸ ਵੀਰ ਮਨੁੱਖ ਨੂੰ ਜੇਲ੍ਹ ਵਿਚ ਮਿਲ ਸਕਾਂ ? ਜਿਸ ਦੇ ਦਿਲ ਵਿਚ ਆਪਣੇ ਦੇਸ਼, ਕੌਮ ਤੇ ਧਰਮ ਲਈ ਇੰਨਾ ਪਿਆਰ, ਏਡੀ ਹਮਦਰਦੀ, ਏਡੀ ਨਿਰਭੈਤਾ ਅਤੇ ਸ਼ਰਧਾ ਹੈ ਕਿ ਫਾਂਸੀ ਦੀ ਕੋਠੀ ਵਲ ਵੀ ਹਸਦਾ ਹਸਦਾ ਜਾਂਦਾ ਹੈ।

**ਚੱਲਦਾ......................**

# ਸੁੱਚੇ ਮੋਤੀ

- ਮਿਹਨਤ ਪੂੰਜੀ ਤੋਂ ਪਹਿਲਾਂ ਆਉਂਦੀ ਹੈ ਅਤੇ ਉਸਤੋਂ ਸੁਤੰਤਰ ਹੈ। ਪੂੰਜੀ ਤਾਂ ਕੇਵਲ ਮਿਹਨਤ ਦਾ ਫਲ ਹੈ। ਜੇ ਮਿਹਨਤ ਦਾ ਅਸਤਿਤਵ ਨਾ ਹੁੰਦਾ, ਤਾਂ ਪੂੰਜੀ ਦਾ ਅਸਤਿਤਵ ਵੀ ਨਾ ਹੁੰਦਾ। ਮਿਹਨਤ ਪੂੰਜੀ ਤੋਂ ਵੱਧ ਕੇ ਹੈ ਅਤੇ ਉਸਤੋਂ ਜ਼ਿਆਦਾ ਧਿਆਨ ਦੇਣ ਯੋਗ ਵੀ।

**–ਲਿੰਕਨ**

- ਸਫਲ ਦਿਮਾਗ ਹਮੇਸ਼ਾਂ ਬਰਮੇ ਦੇ ਵਾਂਗ ਇਕ ਬਿੰਦੂ ਉਤੇ ਕੇਂਦਰਿਤ ਹੋ ਕੇ ਹੀ ਕੰਮ ਕਰਦੇ ਹਨ।

**–ਮਹਾਤਮਾ ਗਾਂਧੀ**

- ਧਨ ਨਾਲ ਸਦਗੁਣ ਨਹੀਂ ਪੈਦਾ ਹੁੰਦੇ, ਬਲਕਿ ਸਦਗੁਣਾਂ ਨਾਲ ਹੀ ਧਨ ਅਤੇ ਹੋਰ ਇੱਛਿਤ ਵਸਤੂਆਂ ਪ੍ਰਾਪਤ ਹੁੰਦੀਆਂ ਹਨ।

**–ਕਨਫਿਊਸ਼ਿਅਸ**

- ਲਗਨ ਦੇ ਬਿਨਾਂ ਕਿਸੇ ਵਿਚ ਵੀ ਮਹਾਨ ਪ੍ਰਤਿਭਾ ਉਤਪੰਨ ਨਹੀਂ ਹੋ ਸਕਦੀ।

**–ਅਰਸਤੂ**

- ਬਿਨਾਂ ਦੇਖੇ ਕਦੇ ਕਿਸੇ ਵਸਤੂ ਨੂੰ ਨਾ ਖਾਓ, ਅਤੇ ਬਿਨਾਂ ਪੜ੍ਹੇ ਕਦੇ ਕਿਤੇ ਦਸਤਖ਼ਤ ਨਾ ਕਰੋ।

**–ਸਪੇਨਿਸ਼ ਕਹਾਵਤ**

- ਕਿਰਦਾਰ ਬਿਰਖ ਵਰਗਾ ਹੁੰਦਾ ਹੈ ਅਤੇ ਮਸ਼ਹੂਰੀ ਪਰਛਾਵੇਂ ਵਰਗੀ। ਪਰਛਾਵਾਂ ਸਹਿਜ ਇਕ ਖਿਆਲ ਹੁੰਦਾ ਹੈ ਜਦ ਕਿ ਬਿਰਖ਼ ਸੱਚਮੁੱਚ ਦੀ ਚੀਜ਼ ਹੁੰਦੀ ਹੈ।

**–ਅਬਰਾਹਮ ਲਿੰਕਨ**

- ਰੋਗ ਦਾ ਬਾਪ ਕੋਈ ਵੀ ਹੋਵੇ ਪਰ ਇਸਦੀ ਮਾਂ ਮਾੜੀ ਖੁਰਾਕ ਹੁੰਦੀ ਹੈ।

**–ਯੂਰਪੀ ਕਹਾਵਤ**

- ਬਹੁਤ ਸਾਰੇ ਗੁਣਾਂ ਨੂੰ ਵੀ ਇਕ ਦੋਸ਼ ਖਰਾਬ ਕਰ ਦਿੰਦਾ ਹੈ।

**–ਚਾਣਕਯ**

# ਬੱਚਿਆਂ ਦਾ ਪੰਨਾ

## ਮਾਨਾਂ ਵਾਲੇ ਦਾ ਹੋਲਾ

**ਨਿਹਾਲ ਸਿੰਘ**

ਮਾਨਾਂ ਵਾਲਾ ਮਾਨ ਗੋਤ ਦੇ ਸਰਦਾਰਾਂ ਦਾ ਨਗਰ ਹੈ, ਉਥੇ ਸਰਦਾਰ ਹੀਰਾ ਸਿੰਘ ਜੀ ਸਨ। ਉਹਨਾਂ ਦੇ ਦਾਦਾ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਪੋਥੀ ਬਖਸ਼ੀ ਸੀ ਅਤੇ ਬਚਨ ਕੀਤਾ ਸੀ, ਕਿ ਮੈਂ ਇਹ ਬਾਰ੍ਹਵੇਂ ਜਾਮੇ ਵਿਚ ਲਵਾਂਗਾ। ਉਹ ਪੋਥੀ ਚਲਦੀ ਚਲਦੀ ਸਰਦਾਰ ਹੀਰਾ ਸਿੰਘ ਤੱਕ ਪੁਜ ਗਈ ਸੀ। ਜਦ ਸੱਚੇ ਪਾਤਸ਼ਾਹ ਮਾਨਾਂ ਵਾਲੇ ਚਰਨ ਪਾਏ ਤਾਂ ਸਰਦਾਰ ਨੂੰ ਬਚਨ ਕੀਤਾ 'ਹੀਰਾ ਸਿੰਘ ! ਲਿਆ ਸਾਡੀ ਇਮਾਨਤ' ਸਰਦਾਰ ਇਹ ਬਚਨ ਸੁਣ ਮਸਤ ਹੋ ਗਇਆ ਅਤੇ ਪੋਥੀ ਲਿਆ ਹਾਜ਼ਰ ਕੀਤੀ। ਮਨ ਵਿੱਚ ਪੱਕਾ ਵਿਸ਼ਵਾਸ ਹੋ ਗਇਆ ਕਿ ਸਤਿਗੁਰੂ ਰਾਮ ਸਿੰਘ ਜੀ, ਠੀਕ ਕਲਗ਼ੀਆਂ ਵਾਲੇ ਪਾਤਸ਼ਾਹ ਦੀ ਜੋਤ ਹਨ। ਸਰਦਾਰਾਂ ਹੋਲੇ ਵਾਸਤੇ ਬੇਨਤੀ ਕੀਤੀ, ਜਿਹੜੀ ਪ੍ਰਵਾਨ ਹੋ ਗਈ।

ਸੰਮਤ 1925 ਵਿੱਚ ਹੋਲਾ ਮਾਨਾਂ ਵਾਲੇ ਹੋਇਆ, ਬੜੀ ਸੰਗਤ ਜੁੜੀ। ਭਾਰੀ ਇਕੱਠ ਹੋਇਆ, ਮੰਗਤਾਂ ਸ਼ਬਦ ਕੀਰਤਨ ਕਰਦਿਆਂ ਆ ਪੁੱਜੀਆਂ। ਸਤਿਗੁਰੂ ਜੀ ਦਾ ਬੜਾ ਭਾਰੀ ਜਲੂਸ ਨਿਕਲਿਆ। ਗਿਆਨੀ ਸਿੰਘ ਦੇ ਘੋੜੇ ਦੀ ਫੇਟ ਨਾਲ ਇੱਕ ਗਰੀਬ ਘੁਮਿਆਰੀ ਦਾ ਬੱਚਾ ਮਰ ਗਇਆ। ਦੂਤੀਆਂ ਦੇ ਘਰੀਂ ਘਿਉ ਦੇ ਦੀਵੇ ਬਲਣ ਲੱਗ ਪਏ॥ ਸਰਕਾਰੀ ਕਰਮਚਾਰੀ ਮੌਕੇ ਦੀ ਤਾੜ ਵਿਚ ਸਨ। ਸੰਗਤਾਂ ਦੇ ਰੰਗ ਵਿਚ ਭੰਗ ਪੈ ਗਇਆ। ਜਦ ਸਤਿਗੁਰੂ ਜੀ ਨੂੰ ਖਬਰ ਪੁੱਜੀ ਤਾਂ ਝੱਟ ਆਪਣੇ ਹਾਥੀ ਨੂੰ ਮੋੜ ਬੱਚੇ ਕੋਲ ਪੁੱਜੇ। ਸੱਚੇ ਪਾਤਸ਼ਾਹ ਹਾਥੀ ਤੋਂ ਉਤਰੇ ਤੇ ਬੱਚੇ ਵੱਲ ਮਿਹਰ ਦੀ ਨਿਗਾਹ ਕੀਤੀ, ਆਪਣਾ ਚਰਨ ਛੁਹਾਣ ਦੀ ਦੇਰ ਸੀ, ਕਿ ਬੱਚੇ ਦੇ ਪ੍ਰਾਣ, ਮੁੜ ਮਿਰਤਕ ਸਰੀਰ ਵਿਚ ਆ ਗਏ। ਬੱਚਾ ਉਠ ਕੇ ਬਹਿ ਗਇਆ, ਬੱਚੇ ਦੇ ਉਠਣ ਦੀ ਦੇਰ ਸੀ, ਕਿ ਖੁਸ਼ੀ ਦੀ ਲਹਿਰ ਦੌੜ ਗਈ। ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ। ਇਕ ਕਵੀ ਦੀ ਕਲਮ ਵਿਚ ਜਾਨ ਪੈ ਗਈ। ਸੁਹ ਵੀ ਥਰੱਰਾ ਉਠੀ।

ਚੀਨੀ ਵਾਲਾ ਪਿਆਰਾ
ਚੀਨੀ ਵਾਲਾ ਪਿਆਰਾ
ਕਰੇ ਕਮਾਲ ਨੀ ਸਹੀਓ
ਮੁਰਦੇ ਜ਼ਿੰਦੇ ਕਰਦਾ
ਚਰਨਾਂ ਨਾਲ ਨੀ ਸਹੀਓ।

**ਮਾ. ਨਿਹਾਲ ਸਿੰਘ**

# ਖ਼ਬਰਨਾਮਾ

## ਬਸੰਤ ਪੰਚਮੀਂ ਸ਼ਾਸਤਰੀ ਸੰਗੀਤ ਸੰਮੇਲਨ ਲੁਧਿਆਣਾ

ਅੱਜ 16 ਫਰਵਰੀ 2019 ਨੂੰ ਲੁਧਿਆਣਾ ਦੇ ਗੁਰੂ ਨਾਨਕ ਦੇਵ ਭਵਨ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 203ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਛੇਵਾਂ ਬਸੰਤ ਪੰਚਮੀਂ ਸ਼ਾਸਤਰੀ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਗਿਆ। ਜਿਸ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ ਕੰਵਲਾਂ ਦੁਆਰਾ ਦੀਪ ਪ੍ਰਜਵੱਲਿਤ ਕਰਕੇ ਕੀਤਾ। ਸੰਗੀਤ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਸੰਗੀਤ ਪ੍ਰੇਮੀਆਂ ਨੂੰ ਮੰਤਰ ਮੁਗਧ ਕਰ ਦਿੱਤਾ। ਆਰੰਭ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸਿਖਿਆਰਥੀਆਂ ਨੇ ਰਾਗ ਜੋਗ ਵਿੱਚ ਇੱਕ ਬੰਦਿਸ਼ ਦੀ ਪ੍ਰਸਤੁਤੀ ਕਰਕੇ ਕੀਤਾ,ਜਿਸ ਦੇ ਬੋਲ ਸਨ" ਸਾਜਨ ਮੋਰੇ ਘਰ ਆਏ,ਮੋਰਾ ਮਨ ਅਤਿ ਸੁਖ ਪਾਏ"। ਇਹਨਾਂ ਬੱਚਿਆਂ ਵਿੱਚ ਬਸੰਤ ਸਿੰਘ ,ਸਰਨ ਸਿੰਘ,ਗੁਰਦੇਵ ਕੌਰ,ਹਰਨਾਮ ਕੌਰ ਨੇ ਗਾਇਨ ਅਤੇ ਧਰਮ ਕੌਰ(ਹਾਰਮੋਨੀਆਮ), ਪ੍ਰਭਜੀਤ ਕੌਰ (ਸਾਰੰਗੀ) ਤੇ ਸਾਥ ਦਿੱਤਾ। ਇਹਨਾਂ ਬੱਚਿਆਂ ਨਾਲ ਸਿਤਾਰ ਤੇ ਇਹਨਾਂ ਦੀ ਉਸਤਾਦ ਬੀਬੀ ਅਵਤਾਰ ਕੌਰ ਸ਼ਰੂਤੀ ਨੇ ਸਿਤਾਰ ਤੇ ਸ੍ਰੀ ਹਰਪਰੀਤ ਸਿੰਘ ਸੋਨੂੰ ਨੇ ਤਬਲੇ ਤੇ ਸਾਥ ਦਿੱਤਾ। ਕੇਨੈਡਾ ਤੋਂ ਵਿਸ਼ੇਸ਼ ਤੌਰ ਤੇ ਆਏ ਉਸਤਾਦ ਇਮਦਾਦ ਖਾਨ ਘਰਾਣੇ ਦੇ ਵਿਸ਼ਵ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਇਰਸ਼ਾਦ ਖਾਨ ਸਾਹਿਬ ਨੇ ਰਾਗ ਬਹਾਰ ਤੋਂ ਸ਼ੁਰੂਆਤ ਕਰ ਬਸੰਤ ਰੁੱਤ ਨੂੰ ਰੂਪਮਾਨ ਕਰ ਦਿੱਤਾ। ਉਹ ਆਪਣੇ ਨਾਲ ਵਿਸ਼ੇਸ਼ ਤੌਰ ਤੇ ਆਪਣੇ ਦਾਦਾ ਸਾਹਿਬ ਵਾਲਾ ਸਾਜ਼ ਕਲਕੱਤਿਓਂ ਲਿਆਏ ਸਨ। ਉਹਨਾਂ ਬਾਰੇ ਦੱਸਦਿਆਂ ਸਟੇਜ ਸੰਚਾਲਕ ਸੰਤ ਅਜੀਤ ਸਿੰਘ ਲਾਇਲ ਨੇ ਦੱਸਿਆ ਕਿ ਛੋਟੀ ਉਮਰੇ ਪਹਿਲੀ ਵਾਰ ਸਾਜ਼ ਸੁਰ ਬਹਾਰ ਇਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਵੇਂ ਬਜਾ ਖੁਸ਼ੀਆਂ ਪ੍ਰਾਪਤ ਕੀਤੀਆਂ ਸਨ। ਇਹਨਾਂ ਨਾਲ ਤਬਲੇ ਤੇ ਪੰ ਸੰਦੀਪ ਘੋਸ਼ ਨੇ ਭਰਪੂਰ ਸਾਥ ਦੇ ਸਰੋਤਿਆਂ ਦੀ ਵਾਹ ਵਾਹੀ ਖੱਟੀ। ਦੋਵਾਂ ਕਲਾਕਾਰਾਂ ਦਾ ਆਪਸੀ ਤਾਲਮੇਲ ਕਮਾਲ ਦਾ ਸੀ ਸਰੋਤੇ ਵਜ਼ਦ ਵਿੱਚ ਝੂਮ ਰਹੇ ਸਨ। ਕਰੀਬ ਪੌਣੇ ਦੋ ਘੰਟੇ ਦੇ ਕਰੀਬ ਸਿਤਾਰਵਾਦਨ ਚੱਲਿਆ । ਹੁਣ ਵਾਰੀ ਸੀ ਬਨਾਰਸ ਤੋਂ ਆਏ ਕੱਥਕ ਕਲਾਕਾਰਾਂ ਪੰਡਤ ਰਵੀ ਸ਼ੰਕਰ ਮਿਸ਼ਰਾ ਤੇ ਪੰਡਤ ਮਾਤਾ ਪ੍ਰਸਾਦ ਮਿਸ਼ਰਾ ਦੀ। ਇਹਨਾਂ ਕਲਾਕਾਰਾਂ ਨੇ ਸਤਿਗੁਰੂ ਜੀ ਦੇ ਪਿਛਲੇ ਬਨਾਰਸ ਦੌਰੇ ਦੌਰਾਨ ਵੀ ਹੋਈ ਸੰਗੀਤ ਬੈਠਕ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਸੀ ਤੇ ਅਰਜ਼ ਕੀਤੀ ਸੀ ਕਿ ਹਜ਼ੂਰ ਦਾ ਹੁਕਮ ਹੋਵੇ ਤਾਂ ਜਲਦੀ ਫੇਰ ਸਾਨੂੰ ਯਾਦ ਕਰਨ ਅਸੀਂ ਉੱਡੇ ਆਵਾਂਗੇ। ਉਨ੍ਹਾਂ ਆਉਂਦਿਆਂ ਹੀ ਭਰੇ ਮਨ ਨਾਲ ਸਤਿਗੁਰੂ ਜੀ ਨੂੰ ਨਮਸਕਰ ਕਰ ਬੇਨਤੀ ਕੀਤੀ ਜੀ ਤੁਸੀਂ ਏਡੀ ਛੇਤੀਂ ਸਾਡੀ ਸੁਣ ਲਈ ਸਾਨੂੰ ਹੈਰਾਨਗੀ ਹੈ। ਇਹਨਾਂ ਨਾਲ ਤਬਲੇ ਤੇ ਪੰਡਿਤ ਕਿਸ਼ਨ ਮਾਹਾਰਾਜ ਦਾ ਸ਼ਾਗਿਰਦ ਪੰਡਿਤ ਅਰਵਿੰਦ ਕੁਮਾਰ ਆਜ਼ਾਦ ਸੀ। ਕਮਾਲ ਦੀ ਲੈਅਕਾਰੀ ਤੇ ਤਬਲੇ ਦੀਆਂ ਤਿਹਾਈਆਂ ,ਲੱਗੀਆਂ,ਨਿਰਤ ਦੇ ਬੋਲ ਕੱਥਕ ਅਤੇ ਤਬਲੇ ਦੇ ਇਸ ਸੁਮੇਲ ਨੇ ਸਰੋਤਿਆਂ ਨੂੰ ਅਸ਼ ਅਸ਼ ਕਰਨ ਲਗਾ ਦਿੱਤਾ। ਸ੍ਰੀ ਸਤਿਗੁਰੂ ਜੀ ਤੇ ਉਨ੍ਹਾਂ ਦੇ ਲਾਗੇ ਬੈਠੇਰਾਗੀ ਬਲਵੰਤ ਸਿੰਘ ਤੇ ਹਰਪ੍ਰੀਤ ਸੋਨੂੰ ਤਬਲੇ ਦੀ ਹਰ ਤਿਹਾਈ ਤੇ ਹੱਥ ਖੜੇ ਕਰ ਕਰ ਦਾਦ ਦੇ ਰਹੇ ਸਨ। ਸੰਗੀਤ ਸਰੋਤੇ ਮੰਤਰ ਮੁਗਦ ਹੋਏ ਘੜੀਆਂ ਵੇਖਣੀਆਂ ਭੁੱਲ ਗਏ ਸਨ। ਘੁੰਘਰੂਆਂ ਦੀ ਛਮ ਛਮ ,ਪੈਰਾਂ ਦੀ ਥਿੜਕਾਹਟ ਤੇ ਤਬਲੇ ਦੀ ਥਾਪ ਸਮਾਂ ਬੰਨ ਦਿੱਤਾ ਸੀ। ਮਿਸ਼ਰਾ ਭਰਾਵਾਂ ਦੇ ਕੱਥਕ ਨੇ ਉਹਨਾਂ ਦੇ ਚੇਹਰੇ ਦੇ ਹਾਵ ਭਾਵਾਂ ਨੇ ਬਿਨਾਂ ਬੋਲਿਆਂ ਸਭ ਦੇ ਦਿਲ ਜਿੱਤ ਲਏ ਸਨ। ਸ੍ਰੀ ਸਤਿਗੁਰੂ ਜੀ ਦੇ ਮੁੱਖ ਮੰਡਲ ਤੇ ਅੰਤਾਂ ਦੀ ਮੁਸਕੁਰਾਹਟ ਵੇਖ ਸਿੱਖ ਵੀ ਅਨੰਦ ਵਿਭੋਰ ਸਨ। ਮਾਤਾ ਗੁਰਸ਼ਰਨ ਕੌਰ ਜੀ ਸ੍ਰੀ ਹਜ਼ੂਰ ਦੇ ਪਿੱਛੇ ਬੈਠੇ ਸਨ। ਹਾਲ ਵਿੱਚ ਬੈਠਣ ਨੂੰ ਜਗਾ ਨਹੀਂ ਸੀ ਰਹੀ। ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੇ ਨੌਜਵਾਨ ਲੜਕੇ ਲੜਕੀਆਂ ਸੇਵਾ ਵਿੱਚ ਜੁਟੇ ਹੋਏ ਸਨ। ਨਾਮਧਾਰੀ ਸੰਗਤ ਵੱਲੋਂ ਪਿਛਲੇ ਦਿਨੀ ਕਸ਼ਮੀਰ ਦੇ ਪੁਲਵਾਮਾ ਖੇਤਰ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਦੇਸ਼ ਦੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਵੱਡਾ ਬੋਰਡ ਲਗਾਇਆ ਗਿਆ ਸੀ ਜਿਸ ਅੱਗੇ ਹਰ ਕੋਈ ਫੁੱਲ ਅਰਪਣ ਕਰ ਰਿਹਾ ਸੀ। ਗੁਰੂ ਨਾਨਕ ਭਵਨ ਦੇ ਗਲਿਆਰੇ ਵਿੱਚ ਨਾਮਧਾਰੀ ਇਤਿਹਾਸ ਨਾਲ ਸਬੰਧਤ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਗਿਆ ਸੀ। ਬਾਬਾ ਸਰਬਜੀਤ ਸਿੰਘ ਜੀ ਭੱਲਾ ਬਰਵਾਲੀਪੁਰ ਵਾਲੇ,ਦੇਵ ਦਿਲਦਾਰ,ਜਸਵੰਤ ਜ਼ਫਰ,ਮੇਅਰ ਬਲਕਾਰ ਸਿੰਘ ਸਿੱਧੂ ,ਇਨਕਮ ਟੈਕਸ ਵਿਭਾਗ ਦੇ ਵੱਡੇ ਅਫਸਰ ਤੇ ਸ਼ਹਿਰ ਦੀਆਂ ਮਾਣਯੋਗ ਹਸਤੀਆਂ ਤੋਂ ਇਲਾਵਾ ਸੰਗੀਤ ਉਸਤਾਦ ਤੇ ਸਿਖਿਆਰਥੀਆਂ ਦੀ ਵੱਡੀ ਗਿਣਤੀ ਨੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ। ਲੰਡਨ ਤੋਂ ਵਿਸ਼ੇਸ਼ ਤੌਰ ਤੇ ਆਏ ਸ ਕੁਲਵੰਤ ਸਿੰਘ ਧਾਲੀਵਾਲ ਜੋ ਕਿ ਕੈਂਸਰ ਦੀ ਰੋਕਥਾਮ ਤੇ ਇਲਾਜ ਲਈ ਲੋਕਾਂ ਦੀ ਸੇਵਾ ਲਈ ਵਿਸ਼ਵ ਪ੍ਰਸਿੱਧ ਹਨ ਨੇ ਸਤਿਗੁਰੂ ਜੀ ਨੂੰ ਨਮਸਕਾਰ ਕਰ ਉਹਨਾਂ ਵੱਲੋਂ ਆਰੰਭੀ ਗਈ ਬੁੱਢੇ ਦਰਿਆ ਦੀ ਸਫਾਈ ਮੁਹਿੰਮ ਲਈ ਕੋਟਾਨ ਕੋਟ ਧੰਨਵਾਦ ਕੀਤਾ। ਸ਼ਾਂਤੀ ,ਪਿਆਰ,ਤੇ ਸਦਭਾਵਨਾ ਦਾ ਸੰਦੇਸ਼ ਦੇਂਦਾ ਹੋਇਆ ਇਹ ਸੰਗੀਤ ਸੰਮੇਲਨ ਅਨੂਠੀਆਂ ਯਾਦਾਂ ਛੱਡ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਇਸ ਸੰਗੀਤ ਸੰਮੇਲਨ ਦੀ ਉਡੀਕ ਸੰਗੀਤ ਪ੍ਰੇਮੀਆਂ ਨੂੰ ਸਾਰਾ ਸਾਲ ਰਹਿੰਦੀ ਹੈ।

**ਸੁਖਵਿੰਦਰ ਸਿੰਘ ਨਾਮਧਾਰੀ**

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠ ਸੰਪੂਰਣ (ਵੇਰਵਾ ਸੰਨ 2017 ਤੋਂ 2019 ਤੱਕ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੁਆਰਾ 1997 ਵਿਚ ਆਰੰਭੀ ਗਈ ਸਵਾ ਲੱਖ ਪਾਠਾਂ ਦੀ 6 ਵੀਂ ਲੜੀ ਮਿਤੀ 10 ਫਰਵਰੀ 2019 ਨੂੰ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸਮਾਪਤ ਹੋਈ।

ਇਸ 6ਵੀਂ ਲੜੀ ਨੂੰ ਸੰਪੂਰਣ ਕਰਨ ਵਿਚ ਸ੍ਰੀ ਮਾਤਾ ਚੰਦ ਕੌਰ ਜੀ ਦਾ ਯੋਗਦਾਨ ਇਤਿਹਾਸਕ ਸੀ। ਜਿਹਨਾਂ ਨੇ ਅਨੇਕਾਂ ਹੀ ਸਰੀਰਾਂ ਨੂੰ ਇਸ ਮਹਾਨ ਯੱਗ ਵਿਚ ਹਿੱਸਾ ਪਾਉਣ ਲਈ ਪ੍ਰੇਰਿਆ।

ਸੰਨ 1997 ਤੋਂ ਲੈ ਕਿ ਅਗਸਤ 2017 ਤੱਕ ਇਸ ਲੜੀ ਵਿਚ 85,000 ਦੇ ਕਰੀਬ ਪਾਠ ਸੰਪੂਰਣ ਹੋ ਚੁੱਕੇ ਸਨ, ਅਤੇ ਬਾਕੀ ਬਚੇ ਹੋਏ 40,000 ਪਾਠਾਂ ਨੂੰ ਤੇਜੀ ਨਾਲ, ਇਕ ਸੁਚੱਜੇ ਅਤੇ ਪਾਰਦਰਸ਼ੀ ਢੰਗ ਰਾਹੀਂ ਸੰਪੂਰਨ ਕਰਨ ਲਈ ਗਰੀਬ ਨਵਾਜ਼ ਜੀ ਨੇ ਨੌਜਵਾਨਾਂ ਹੱਥ ਇਸ ਮਹਾਨ ਕਾਰਜ ਦੀ ਵਾਗਡੋਰ ਨੂੰ ਸੌਂਪਿਆ।

ਸਤਿਗੁਰੂ ਜੀ ਦੀ ਅਪਾਰ ਬਖਸ਼ਿਸ ਸਦਕਾ ਇਹਨਾਂ 40,000 ਪਾਠਾਂ ਵਿਚ ਤਕਰੀਬਨ 8 ਹਜਾਰ ਤੋਂ 10 ਹਜਾਰ ਦੇ ਕਰੀਬ ਸਾਧ ਸੰਗਤ ਨੇ ਆਪਣਾ ਯੋਗਦਾਨ ਪਾਇਆ, ਜਿਸ ਵਿਚ ਬੱਚੇ ਤੋਂ ਲੈ ਕੇ ਬਜੁਰਗਾਂ ਤੱਕ ਸਾਰੇ ਸ਼ਾਮਿਲ ਹੋਏ।

**9ਵੇਂ ਮਹੱਲੇ ਦੇ ਸਲੋਕਾਂ ਵਿਚ ਸ਼ਾਮਿਲ ਸਾਧ ਸੰਗਤ ਦਾ ਵੇਰਵਾ**

ਮਿਤੀ 3 ਫਰਵਰੀ 2019 ਤੋਂ ਲੈ ਕਿ 10 ਫਰਵਰੀ 2019

- ਤਕਰੀਬਨ 1200 ਦੇ ਕਰੀਬ ਸਰੀਰਾਂ ਨੇ 9ਵੇਂ ਮਹੱਲੇ ਦੇ ਸਲੋਕਾਂ ਦੇ ਪਾਠ ਕਰਨ ਵਿਚ ਹਿੱਸਾ ਲਿਆ।

- ਭਾਈਆਂ ਦੀ ਗਿਣਤੀ – 725 ਦੇ ਕਰੀਬ ਸੀ।
- ਬੀਬੀਆਂ ਦੀ ਗਿਣਤੀ – 475 ਦੇ ਕਰੀਬ ਸੀ।
- ਭਾਵ 60% ਭਾਈ ਸਨ ਅਤੇ 40 % ਬੀਬੀਆਂ ਸਨ।
- ਉਮਰਾਂ ਦੇ ਹਿਸਾਬ ਨਾਲ ਵੇਰਵਾ :
    - 7 ਸਾਲ ਤੋਂ 35 ਸਾਲ – 250
    - 35 ਸਾਲ ਤੋਂ 50 ਸਾਲ – 200
    - 50 ਸਾਲ ਤੋਂ 90 ਸਾਲ – 300
- ਤਕਰੀਬਨ 30 ਸੂਬੇ ਸਾਹਿਬਾਨ ਸ਼ਾਮਿਲ ਹੋਏ।
- ਤਕਰੀਬਨ 15 ਤੋਂ 20 ਜਥੇਦਾਰ/ਕਵੀਸ਼ਰ ਸਾਹਿਬਾਨ ਸ਼ਾਮਿਲ ਹੋਏ।
- ਇਲਾਕਿਆਂ ਮੁਤਾਬਕ 170 ਦੇ ਕਰੀਬ ਵੱਖੋ ਵੱਖਰੇ ਪਿੰਡਾਂ ਅਤੇ ਸ਼ਹਿਰਾਂ ਦੀ ਸੰਗਤ ਸ਼ਾਮਿਲ ਹੋਈ।

10-2-2019 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪਾਏ ਗਏ। ਪੂਰੇ 21 ਸਾਲਾ ਬਾਅਦ ਇਹਨੇ ਪਾਠਾਂ ਦੀ ਸੰਪੂਰਨਤਾ ਹੋਈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 3 ਫਰਵਰੀ 2019 ਤੋਂ 10-2-2019 ਤੱਕ ਰਹਿੰਦੇ ਪਾਠਾਂ ਦੀ ਸੰਪੂਰਨਤਾਂ ਤੇ ਸਲੋਕ ਪੜਨ ਵਾਸਤੇ ਸਾਧ ਸੰਗਤ ਵਹੀਰਾਂ ਘੱਤ ਕੇ ਸ੍ਰੀ ਭੈਣੀ ਸਾਹਿਬ ਪਹੁੰਚੀ। ਲਗਭਾਗ ਇਕ ਹਫਤਾ ਸਾਧ ਸੰਗਤ ਨੇ ਬਹੁਤ ਹੀ ਉਤਸਾਹ, ਜੋਸ਼ ਤੇ ਪਿਆਰ ਨਾਲ ਸਵਾ ਲੱਖ ਪਾਠਾਂ ਦੀ ਸੰਪੂਰਨਤਾ ਕੀਤੀ। ਸ੍ਰੀ ਸਤਿਗੁਰੂ ਜੀ ਹਰ ਰੋਜ ਦਰਸ਼ਨ ਦੇਣ ਦੀ ਕ੍ਰਿਪਾ ਕਰਦੇ ਰਹੇ। ਸਵਾ ਲੱਖ ਪਾਠਾਂ ਦੇ ਸਲੋਕ ਪੜਨ ਲਈ ਰੋਲਾਂ ਸਵੇਰੇ 5:30 ਤੋਂ 8 ਤੱਕ ਦੁਪਹਿਰ 11 ਤੋਂ 1:30 ਤੱਕ ਤੇ ਰਾਤ 5:30 ਤੋਂ 8 ਤੱਕ ਬਣਾਈਆਂ ਗਈਆਂ। ਪ੍ਰਤਾਪ ਮੰਦਰ ਵਿੱਚ ਇਕ ਪਾਸੇ ਸਿੰਘ ਤੇ ਦੂਸਰੇ ਪਾਸੇ ਬੀਬੀਆਂ ਸਲੋਕ ਪੜ੍ਹ ਦੀਆਂ ਸਨ। ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ 3 ਤਾਰੀਖ ਨੂੰ ਠੀਕ 5:30 ਵਜੇ ਸਲੋਕ ਪੜਨ ਦੀ ਅਰਦਾਸ ਸੂਬਾ ਜੀ ਨੇ ਕੀਤੀ। ਇਕ ਰੋਲ ਵਿਚ ਦੋ ਵਾਰੀ ਕੜਾਹ ਪ੍ਰਸ਼ਾਦ ਲੈ ਕੇ ਆਉਂਦੇ ਸਨ। ਸਲੋਕ ਸਿਰਫ ਸੋਧੀ ਸਿੰਘ ਹੀ ਪੜ ਸਕਦੇ ਸਨ (ਛੋਟੀ ਸੋਧ ਪਰਵਾਣਿਤ ਸੀ)। ਸੰਤ ਗੁਰਦਿਆਲ ਸਿੰਘ, ਸੰਤ ਨਿਸ਼ਾਨ ਸਿੰਘ, ਸ਼ਾਮ ਸਿੰਘ, ਹਰਕੀਰਤ ਸਿੰਘ, ਗੁਰਦੇਵ ਸਿੰਘ ਚੀਮਾਂ ਸਵਾ ਲੱਖ ਪਾਠਾਂ ਦਾ ਹਿਸਾਬ ਕਿਤਾਬ ਰੱਖਦੇ ਸਨ। ਯਾਦ ਰਹੇ ਸੰਤ ਗੁਰਦਿਆਲ ਸਿੰਘ ਰਾਏਸਰ ਵਾਲਿਆਂ ਨੇ ਪਹਿਲਾ 1974 ਵਿਚ ਤੇ 1997 ਵਿਚ ਸਵਾ ਲੱਖ ਪਾਠਾਂ ਦੀ ਪੂਰੀ ਸੇਵਾ ਕੀਤੀ ਹੁਣ ਵੀ 2019 ਤੱਕ ਉਹਨਾ ਆਪਣਾ ਪੂਰਾ ਯੋਗਦਾਨ ਪਾਇਆ।

**ਸਵਾ ਲੱਖ ਪਾਠਾਂ ਦੇ ਭੋਗ**- ਬਾਹਰ ਬਣੇ ਸੁੰਦਰ ਪੰਡਾਲ ਵਿਚ ਸਵਾ ਲੱਖ ਪਾਠਾਂ ਦੇ ਭੋਗ ਦੀ ਤਿਆਰੀ ਕੀਤੀ ਗਈ। ਬਾਰਾਂ ਬੀੜਾਂ ਇਕ ਲਾਈਨ ਵਿਚ ਸੁਸ਼ੋਭਿਤ ਕੀਤੀਆਂ ਗਈਆਂ। ਉਪਰ ਇਕ ਲੰਬਾ ਚੰਦੋਆ ਬੰਨਿਆ ਗਿਆ। 50 ਪਾਠੀ ਸਾਰੀਆਂ ਬੀੜਾਂ ਤੇ ਬੈਠਾਏ ਗਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸਵਾ ਲੱਖ ਪਾਠਾਂ ਦੇ ਸਲੋਕਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਰੰਭੇ ਸਵਾ ਲੱਖ ਪਾਠਾਂ ਦੇ ਭੋਗ ਇਕ ਵੱਡਾ ਮਹਾਨ ਕਾਰਜ ਸਮਾਪਤ ਹੋਇਆ ਤੇ ਕੀਰਤਨ ਕੀਤਾ ਗਿਆ। ਕੀਰਤਨ ਉਪਰੰਤ ਆਏ ਹੋਏ ਪਤਵੰਤੇ ਸੱਜਣਾਂ ਸੰਤ ਗੁਰੂਬਚਨ ਸਿੰਘ, ਸ. ਬਲਬੀਰ ਸਿੱਧੂ ਕੈਬਨਿਟ ਮੰਤ੍ਰੀ, ਰਾਕੇਸ਼ ਪਾਂਡੇ, ਸ. ਦਰਸ਼ਨ ਸਿੰਘ ਬਰਾੜ, ਨਵਤੇਜ ਸਿੰਘ ਚੀਮਾ, ਡਾ. ਸੁਖਦੇਵ ਸਿੰਘ, ਅਜੀਤ ਸਿੰਘ ਲਾਇਲ ਭਾਸ਼ਨ ਦਿੱਤਾ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸਨਮਾਨਿਤ ਸਖਸ਼ੀਅਤਾਂ**- ਸ੍ਰੀ ਸਤਿਗੁਰੂ ਜੀ ਨੇ ਸੰਤ

ਗੁਰਦਿਆਲ ਸਿੰਘ ਚੀਮਾਂ (ਰਾਏਸਰ), ਸੰਤ ਗੁਰਦੇਵ ਸਿੰਘ ਚੀਮਾਂ (ਰਾਏਸਰ), ਸ਼ਾਮ ਸਿੰਘ ਰਾਗੀ, ਹਰਕੀਰਤ ਸਿੰਘ ਸਨਮਾਨਿਤ ਕੀਤਾ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਉਪਦੇਸ਼ ਵਿਚ ਸਾਰੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਬਹੁਤ ਹੀ ਪਿਆਰ ਸ਼ਰਧਾ ਤੇ ਉਤਸ਼ਾਹ ਨਾਲ ਇੰਨਾ ਵੱਡਾ ਕਾਰਜ ਸੰਪੂਰਨ ਕਰਨ ਵਿਚ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਉਪਦੇਸ਼ ਦਿੱਤਾ ਕਿ ਸਾਰੇ ਸਰੀਰ ਆਪੋ ਆਪਣੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਇਆ ਕਰੋ। ਹੁਕਮ ਕੀਤਾ ਜੇ ਸਿਖਾਈ ਵਾਸਤੇ ਸਿੰਘ ਦੀ ਲੋੜ ਹੈ ਤਾਂ ਸ੍ਰੀ ਭੈਣੀ ਸਾਹਿਬ ਤੋਂ ਭੇਜ ਦੇਵਾਂਗੇ। ਵੱਧ ਤੋਂ ਵੱਧ ਪਾਠੀ ਬਣਨ ਦਾ ਸੰਦੇਸ਼ ਦਿੱਤਾ। ਸੇਵਾ ਕਰਨ ਵਾਲੀ ਤੇ ਪਾਠ ਕਰਨ ਵਾਲੀ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ। ਇਲਾਕੇ ਮੁਤਾਬਿਕ ਇਕ-ਇਕ ਤਸਵੀਰ ਵੀ ਸ੍ਰੀ ਸਤਿਗੁਰੂ ਜੀ ਦੇ ਨਾਲ ਖਿਚਵਾਈ ਗਈ। ਬਸੰਤ ਦੇ ਮੇਲੇ ਤੇ 6 ਅਨੰਦ ਕਾਰਜ ਵੀ ਸੰਪੰਨ ਹੋਏ। 12 ਪਾਠਾਂ ਦੇ ਭੋਗ ਵੀ ਪਾਏ ਗਏ।

**ਰਿਪੋਰਟ-ਹਰਕੀਰਤ ਸਿੰਘ**
**ਗੁਰਸੇਵ ਸਿੰਘ ਚੀਮਾ**

## ਸ. ਸਵਰਨ ਸਿੰਘ ਦੇ ਤੂਰ ਫਾਰਮ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰ ਸਾਲ ਦੀ ਤਰਾਂ ਸ. ਸਵਰਨ ਸਿੰਘ ਇੰਗਲੈਂਡ ਵਾਲਿਆਂ ਦੇ ਅਰਜ਼ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੂਰ ਫਾਰਮ ਨੇੜੇ ਗੁਰਾਇਆਂ ਵਿਖੇ ਮਿਤੀ 12 ਫਰਵਰੀ 2019 ਦਿਨ ਮੰਗਲਵਾਰ 30 ਮਾਘ 2075 ਬਿਕਰਮੀ ਮੁਤਾਬਿਕ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਗਏ ਪਾਠੀ ਸਿੰਘਾਂ ਦੀ ਅਗਵਾਈ ਸੰਤ ਗੁਰਮੀਤ ਸਿੰਘ ਐਮ.ਪੀ. ਵਾਲੇ ਕਰ ਰਹੇ ਸਨ। ਸਭ ਨੇ ਰਲ ਕੇ ਇਕ ਅਖੰਡ ਪਾਠ ਕੀਤਾ ਜਿਸਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਇਆ ਗਿਆ। ਉਪਰੰਤ ਜਥੇਦਾਰ ਕਮਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਦੇ ਜਥੇ ਨੇ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦਸਮੇਸ਼ ਪਾਤਸ਼ਾਹ ਜੀ ਦੀ ਸਾਜੀ ਹੋਈ ਸਿੱਖੀ ਪੁਨਰ ਸੁਰਜੀਤ ਕਰਨ ਦਾ ਸਾਰਾ ਇਤਿਹਾਸ ਸਾਧ ਸੰਗਤ ਨਾਲ ਸਾਂਝਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਦੀਵਾਨ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਸਾਧ ਸੰਗਤ ਆਪੋ-ਆਪਣੀ ਵਾਰੀ ਅਨੁਸਾਰ ਲਾਈਨ ਵਿਚ ਲੱਗ ਕੇ ਭੇਟਾ ਧਰ ਨਮਸਕਾਰ ਕੀਤੀ। ਇਥੇ ਇਸ ਸਮੇਂ ਸੂਬਾ ਹਰਜੀਤ ਸਿੰਘ ਮੁਠੱਡਾ, ਸੂਬਾ ਜਸਬੀਰ ਸਿੰਘ ਪੱਦੀ ਖਾਲਸਾ ਅਤੇ ਕਾਨੂੰਗੋ ਗੁਰਦੀਪ ਸਿੰਘ ਵੀ ਹਾਜਰ ਸਨ। ਸ੍ਰੀ ਸਤਿਗੁਰੂ ਜੀ ਪ੍ਰਸਾਦ ਪਾਣੀ ਛਕਣ ਉਪਰੰਤ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ। ਸ੍ਰੀ ਭੈਣੀ ਸਾਹਿਬ ਦੁਪਹਿਰ ਦੇ ਨਾਮ-ਸਿਮਰਨ ਸਮੇਂ ਸਾਧ ਸੰਗਤ ਨੂੰ ਆਣ ਦਰਸ਼ਨ ਦਿੱਤੇ। **-ਸੂਬਾ ਬਲਵਿੰਦਰ ਸਿੰਘ ਝੱਲ**

--------

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਿੰਡ ਵਜ਼ੀਦ ਵਿਖੇ ਦਰਸ਼ਨ

ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਮੇਲੇ ਦੀ ਸਮਾਪਤੀ ਵਾਲੇ ਦਿਨ ਮਿਤੀ 11 ਫਰਵਰੀ 2019 ਦਿਨ ਸੋਮਵਾਰ ਮੁਤਾਬਿਕ 29 ਮਾਘ 2075 ਬਿਕ੍ਰਮੀ ਨੂੰ ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਨਾਲ 11 ਲੜਕੇ-ਲੜਕੀਆਂ ਦੇ ਅਨੰਦ ਕਾਰਜ ਹੋਏ ਅਤੇ ਮੇਲੇ ਦਾ ਭੋਗ ਪਾਇਆ ਗਿਆ। ਇਸੇ ਦਿਨ ਹੀ ਤਕਰੀਬਨ 11 ਵਜੇ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਪਿੰਡ ਵਜ਼ੀਦ ਜਿਲ੍ਹਾ ਨਵਾਂ ਸ਼ਹਿਰ ਵਿਖੇ ਮਾਤਾ ਜੀਤ ਕੌਰ ਦੇ ਭੋਗ ਤੇ ਦਰਸ਼ਨ ਦੇਣ ਲਈ ਚਲ ਪਏ। ਵਾਇਆ ਰਾਹੋਂ ਹੁੰਦੇ ਹੋਏ ਪਿੰਡ ਵਜ਼ੀਦ ਪਹੁੰਚ ਕੇ ਸ. ਸੰਤੋਖ ਸਿੰਘ ਦੇ ਘਰ ਦਰਸ਼ਨ ਦਿੱਤੇ ਜਿਥੇ ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਨੌਵੇਂ ਮਹੱਲੇ ਦੇ ਸਲੋਕ ਉੱਚਾਰਣ ਕਰਕੇ ਪਵਿੱਤਰ ਗੁਰਬਾਣੀ ਦੇ ਤਿੰਨਾਂ ਪਾਠਾਂ ਦੇ ਭੋਗ ਮਾਤਾ ਜੀਤ ਕੌਰ ਦੇ ਪਰਿਵਾਰ ਵਲੋਂ ਪਾਏ ਗਏ। ਮਾਤਾ ਜੀਤ ਕੌਰ ਦੇ ਸਪੁੱਤਰ ਸ. ਸੰਤੋਖ ਸਿੰਘ, ਅਮਰੀਕ ਸਿੰਘ ਅਤੇ ਬਲਵਿੰਦਰ ਸਿੰਘ ਨੇ ਪਰਿਵਾਰ ਵਲੋਂ ਸ਼ਰਧਾ ਸਤਿਕਾਰ ਸਹਿਤ ਭੇਟਾ ਧਰ ਨਮਸਕਾਰ ਕੀਤੀ। ਭੋਗ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੰਤ ਸਾਮ ਸਿੰਘ, ਬਲਵਿੰਦਰ ਸਿੰਘ, ਚੰਨ ਸਿੰਘ, ਸੁਰਜੀਤ ਸਿੰਘ ਗੁਰਾਇਆ, ਜਥੇਦਾਰ ਜੋਧ ਸਿੰਘ, ਮੋਹਨ ਸਿੰਘ ਅਤੇ ਗੁਰਦੀਪ ਸਿੰਘ ਚੀਮਾ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਸ ਸਮੇਂ ਸੂਬਾ ਹਰਜੀਤ ਸਿੰਘ ਮੁਠੱਡਾ, ਸੂਬਾ ਜਸਬੀਰ ਸਿੰਘ ਪੱਦੀ ਖਾਲਸਾ, ਅਤੇ ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵਾਲੇ ਵੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹਾਜਰ ਸਨ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਵਾਪਸੀ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਦੁਪਹਿਰ ਦੇ ਨਾਮ-ਸਿਮਰਨ ਸਮੇਂ ਸਾਧ ਸੰਗਤ ਨੂੰ ਆਣ ਦਰਸ਼ਨ ਦਿੱਤੇ।

**-ਸੂਬਾ ਬਲਵਿੰਦਰ ਸਿੰਘ ਝੱਲ**

------------------

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਧਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਿਵਾਜੀ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਜਿਸਨੂੰ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆਂ ਦੀ ਧਰਤੀ ਹੋਣ ਕਾਰਨ ਹਮੇਸ਼ਾਂ ਮਾਣ-ਸਤਿਕਾਰ ਬਖ਼ਸ਼ਦੇ ਹਨ। ਸ੍ਰੀ ਸਤਿਗੁਰੂ ਜੀ ਹਮੇਸ਼ਾਂ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸਾਧ ਸੰਗਤ ਨੂੰ ਦਰਸ਼ਨ ਦਿੰਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਧਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਿਵਾਜੀ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਜਿਸਨੂੰ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆਂ ਦੀ ਧਰਤੀ ਹੋਣ ਕਾਰਨ ਹਮੇਸ਼ਾਂ ਮਾਣ-ਸਤਿਕਾਰ ਬਖ਼ਸ਼ਦੇ ਹਨ। ਸ੍ਰੀ ਸਤਿਗੁਰੂ ਜੀ ਹਮੇਸ਼ਾਂ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸਾਧ ਸੰਗਤ ਨੂੰ ਦਰਸ਼ਨ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਵਲੋਂ ਦਿੱਤੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਮਿਤੀ 13 ਫਰਵਰੀ 2019 ਦਿਨ ਬੁੱਧਵਾਰ ਮੁਤਾਬਿਕ 1ਫੱਗਣ 2075 ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਰਸਤੇ ਵਿਚ ਸੁਤੰਤਰਤਾ ਸੰਗ੍ਰਾਮ ਦੇ ਮਹਾਨ ਸ਼ਹੀਦ ਅਤੇ ਕੂਕਾ ਅੰਦੋਲਨ ਦੇ ਸੂਰਬੀਰ ਸੂਬਾ ਮਾਨ ਸਿੰਘ ਸੈਦੋਕੇ ਦੇ ਪਿੰਡ ਸੈਦੋਕੇ ਦੀ ਸਾਧ ਸੰਗਤ ਵੱਲੋਂ ਮਨਾਏ ਜਾ ਰਹੇ ਮੇਲੇ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮੇਲੇ ਦੀ ਸਮਾਪਤੀ ਤੋਂ ਸ੍ਰੀ ਸਤਿਗੁਰੂ ਜੀ ਨੇ ਬਾਅਦ ਜਿਲ੍ਹਾ ਬਰਨਾਲਾ ਦੇ ਪਿੰਡ ਢਿਲਵਾਂ ਵਿਖੇ ਸੂਬਾ ਬਲਬੀਰ ਸਿੰਘ ਦੇ ਅਰਜ਼ ਕਰਨ ਤੇ ਨਵੇਂ ਬਣੇ ਮਕਾਨ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਨਾਲ ਹੀ ਮਾ. ਧੰਨਾ ਸਿੰਘ, ਹਰਪਾਲ ਸਿੰਘ ਅਤੇ ਲੱਧਾ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੇ ਹੀ ਰੂੜੇ ਕੇ ਡੇਰੇ ਦੇ ਸੇਵਾਦਾਰ ਲੱਖਾ ਸਿੰਘ ਰੂੜੇ ਕੇ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਡੇਰਾ ਬਾਬਾ ਹਰੀ ਸਿੰਘ ਦੇ ਡੇਰੇ ਰੂੜੇ ਕੇ ਵਿਖੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਨੇ ਡੇਰੇ ਦੇ ਪ੍ਰਬੰਧ ਨੂੰ ਦੇਖ ਕੇ ਲੱਖਾ ਸਿੰਘ ਸੇਵਾਦਾਰ ਨੂੰ ਖੁਸ਼ੀਆਂ ਬਖਸ਼ੀਆਂ। ਇਥੋਂ ਹੀ ਵਾਇਆ ਮਾਨਸਾ ਹੁੰਦੇ ਹੋਏ ਸਿਰਸਾ ਸ਼ਹਿਰ ਦੇ ਬਾਹਰਵਾਰ ਪਿੰਡ ਬਾਜੇ ਕੇ ਵਿਖੇ, ਸ. ਗੁਰਚਰਨ ਸਿੰਘ ਦੀ ਧਰਮ ਪਤਨੀ ਬੀਬੀ ਹਰਬੰਸ ਕੌਰ ਦੇ ਚੜ੍ਹਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦੇ ਕੇ ਪ੍ਰੀਵਾਰ ਨੂੰ ਗੁਰੂ ਕਾ ਭਾਣਾ ਮੰਨਣ ਦਾ ਹੁਕਮ ਕੀਤਾ। ਇਥੇ ਬਾਜੇ ਕੇ ਵਿਖੇ ਹੀ ਸ. ਹਰਬੰਸ ਸਿੰਘ ਪੁੱਤਰ ਕਰਤਾਰ ਸਿੰਘ, ਬਖਸ਼ੀਸ਼ ਸਿੰਘ, ਬਲੀ ਸਿੰਘ, ਦੀਦਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਵੱਲ ਕੇ ਸ੍ਰੀ ਜੀਵਨ ਨਗਰ ਪਟਰੋਲ ਪੰਪ ਤੇ ਰੁਕੇ ਅਤੇ ਰਾਤ ਮਸਤਾਨ ਗੜ੍ਹ ਵਿਸ਼ਰਾਮ ਕੀਤਾ।

ਮਿਤੀ 14 ਫਰਵਰੀ 2019 ਦਿਨ ਵੀਰਵਾਰ ਮੁਤਾਬਿਕ 2 ਫੱਗਣ 2075 ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਬਣੇ ਮੰਦਰ "ਪ੍ਰਤਾਪ ਮੰਦਰ" ਸੰਤ ਨਗਰ ਵਿਖੇ ਐਲਨਾਬਾਦ ਦੇ ਜੱਥੇ ਵੱਲੋਂ ਵਿਕਰਮ ਸਿੰਘ ਵਿੱਕੀ ਅਤੇ ਗੁਰਮੀਤ ਸਿੰਘ ਚਾਨਾ ਦੀ ਅਗਵਾਈ ਵਿਚ ਕੀਤਾ ਗਿਆ। ਸੰਤ ਨਗਰ ਦੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਕੀਤਾ ਗਿਆ। ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ 2 ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਪਾਏ ਗਏ। ਤਕਰੀਬਨ 7 ਵਜੇ ਸਾਰੇ ਪ੍ਰੋਗਰਾਮ ਦੀ ਸਮਾਪਤੀ ਹੋਈ।ਸੰਤ ਨਗਰ ਵਿਖੇ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਅਵਤਾਰ ਸਿੰਘ ਅਤੇ ਭਗਵਾਨ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸੰਤ ਨਗਰ ਵਿਖੇ ਸ. ਪੂਰਨ ਸਿੰਘ ਵਰਨ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਪ੍ਰਸਾਦਾ ਛੱਕਿਆ ਅਤੇ ਇਥੋਂ ਹੀ ਪਿੰਡ ਦਮਦਮਾ ਵਿਖੇ ਸ. ਬਲਕਾਰ ਸਿੰਘ ਪੁੱਤਰ ਮਹਿੰਦਰ ਸਿੰਘ ਚੱਕ ਵਾਲੇ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਨੇ ਸਾਰੇ ਪ੍ਰੀਵਾਰ ਨੂੰ ਗੁਰਸਿੱਖੀ ਵਿਚ ਰਹਿਣ ਦਾ ਹੁਕਮ ਕੀਤਾ। ਇਥੋਂ ਹੀ ਪਿੰਡ ਕਰੀਵਾਲਾ ਵਿਖੇ ਸਾਹਿਬ ਸਿੰਘ ਅਤੇ ਹਰਪਾਲ ਸਿੰਘ ਭਾਲਾ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਕਰੀਵਾਲਾ ਤੋਂ ਵਾਪਸੀ ਸਮੇਂ ਅਮ੍ਰਿਤਸਰੀਆਂ ਖੂਹ ਵਿਖੇ ਸ. ਗੁਰਦੀ ਸਿੰਘ ਪੁੱਤਰ ਬਲਵੰਤ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਮਸਤਾਨ ਗੜ੍ਹ ਆਣ ਵਿਸ਼ਰਾਮ ਕੀਤਾ। 11:15 ਤੇ ਸ੍ਰੀ ਸਤਿਗੁਰੂ ਜੀ ਰਾਣੀਆਂ ਵਿਖੇ ਗੁਰਦੁਆਰਾ ਸਾਹਿਬ ਵਿਖੇ ਸ. ਬਲਬੀਰ ਸਿੰਘ ਪੁੱਤਰ ਸਚਿਆਰ ਸਿੰਘ ਦੇ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਕਥਾ ਕਰ ਰਹੇ ਸਨ। ਨੌਵੇ ਮਹੱਲੇ ਦੇ ਸ਼ਲੋਕ ਪੜ੍ਹਨ ਉਪਰੰਤ ਸ. ਬਲਬੀਰ ਸਿੰਘ ਨਮਿੱਤ ਇੱਕ ਪਾਠ ਦਾ ਭੋਗ ਪਾਇਆ ਗਿਆ। ਰਾਣੀਆਂ ਤੋਂ ਪਿੰਡ ਦਮਦਮਾ ਵਿਖੇ ਸ੍ਰੀ ਸਤਿਗੁਰੂ ਜੀ ਮਾਤਾ ਮੁਖਤਿਆਰ ਕੌਰ ਨਮਿੱਤ ਭੋਗ ਸਮੇਂ ਦਰਸ਼ਨ ਦਿੱਤੇ। ਮਾਤਾ ਮੁਖਤਿਆਰ ਕੌਰ ਪਤਨੀ ਸ. ਜੋਰਾ ਸਿੰਘ ਜੋ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਪਰਿਵਾਰ ਵੱਲੋਂ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਮਾਤਾ ਨਮਿੱਤ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂ ਅਤੇ ਸਤਿਨਾਮ ਸਿੰਘ ਦਾ ਜਥਾ ਗੁਰਬਾਣੀ ਦਾ ਕੀਰਤਨ ਕਰ ਰਿਹਾ ਸੀ। ਕੀਰਤਨ ਸਮਾਪਤੀ ਬਾਅਦ ਸੁਖਚੈਨ ਸਿੰਘ ਭੰਗੂਰ, ਕਾਮਰੇਡ ਸੁਵਰਨ ਸਿੰਘ ਵਿਰਕ

ਅਤੇ ਪ੍ਰੋਫੈਸਰ ਹਾਕਮ ਸਿੰਘ ਜੀ ਨੇ ਮਾਤਾ ਮੁਖਤਿਆਰ ਕੌਰ ਨੂੰ ਸ਼ਰਧਾਂਜਲੀਆਂ ਦੇ ਸ਼ਬਦ ਆਖੇ। ਪਾਠ ਦੇ ਭੋਗ ਉਪਰੰਤ ਮਾਤਾ ਮੁਖਤਿਆਰ ਕੌਰ ਨਮਿੱਤ ਅਰਦਾਸ ਕੀਤੀ ਗਈ। ਦਮਦਮੇ ਤੋਂ ਵਾਪਸੀ ਤੇ ਸ੍ਰੀ ਜੀਵਨ ਨਗਰ ਪਟਰੋਲ ਪੰਪ ਤੋਂ ਹੋ ਕੇ ਸ੍ਰੀ ਸਤਿਗੁਰੂ ਜੀ ਰਾਜਸਥਾਨ ਦੀ ਸਰਹੱਦ ਨਾਲ ਲੱਗਦੇ ਪਿੰਡ ਅਬੂਬ ਸ਼ਹਿਰ ਵਿਖੇ ਕਾਕੂ ਪਰਮਿੰਦਰ ਸਿੰਘ ਪੁੱਤਰ ਈਸ਼ਰ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਪਰਿਵਾਰ ਨੂੰ ਦਿਲਾਸਾ ਦੇਣ ਦੀ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਵਾਪਸੀ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ ਅਤੇ ਹਨੇਰਾ ਹੋਣ ਤਕ ਸ੍ਰੀ ਭੈਣੀ ਸਾਹਿਬ ਪਹੁੰਚੇ।

**ਸੂਬਾ ਬਲਵਿੰਦਰ ਸਿੰਘ ਝੱਲ**

-----------------

# ਜਿਲ੍ਹੇ ਹੁਸ਼ਿਆਰਪੁਰ ਦੇ ਬਸੰਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰ ਇਲਾਕੇ ਦੀ ਇਹ ਦਿਲੀ ਮੰਗ ਹੁੰਦੀ ਹੈ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਖ-ਵੱਖ ਇਲਾਕਿਆਂ ਵਿਚ ਹੋ ਰਹੇ ਬਸੰਤ ਪੁਰਬ ਦੇ ਮੇਲੇ ਤੇ ਦਰਸ਼ਨ ਦੇਣ ਦੀ ਕਿਰਪਾ ਕਰਨ। ਸਾਧ ਸੰਗਤ ਦੀ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਕਿਰਪਾ ਕਰਦੇ ਹਨ ਆਪਣੇ ਰੁਝੇਵੇਂ ਵਿਚੋਂ ਸਮਾ ਕਢਕੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ। ਜਿਲ੍ਹਾ ਹੁਸ਼ਿਆਰਪੁਰ ਦੀ ਦੀ ਸਾਧ ਸੰਗਤ ਦੀ ਇਸ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ 19 ਜਨਵਰੀ 2019 ਮੁਤਾਬਿਕ 6ਮਾਘ 2075 ਬਿਕਰਮੀ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਸ੍ਰੀ ਭੈਣੀ ਸਾਹਿਬ ਤੋਂ ਚਲ ਕੇ ਰਸਤੇ ਵਿੱਚ ਸ. ਬਲਵੀਰ ਸਿੰਘ ਕਨੇਡਾ ਵਾਲੇ ਦੇ ਘਰ ਨਵਾਂ ਸ਼ਹਿਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਇਥੇ ਹੀ ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵਾਲੇ ਆਪਣੇ ਜਥੇ ਸਮੇਤ ਲੰਗਰ ਤਿਆਰ ਕਰਨ ਲਈ ਹਾਜਰ ਸਨ। ਸਭਨਾਂ ਨੇ ਇਥੇ ਹੀ ਪ੍ਰਸਾਦੇ ਪਾਣੀ ਛੱਕਿਆ ਅਤੇ ਫਿਰ ਹੁਸ਼ਿਆਰਪੁਰ ਲਈ ਚਾਲੇ ਪਾਏ।

ਹੁਸ਼ਿਆਰਪੁਰ ਪਹੁੰਚ ਕੇ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਬੀਬੀ ਮਹਿੰਦਰ ਕੌਰ ਦੇ ਸਪੁੱਤਰ ਨਰਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਭਰਪੂਰ ਪਿਆਰ ਬਖਸ਼ਿਆ ਅਤੇ ਹਾਲ-ਚਾਲ ਪੁਛਿਆ। ਇਥੇ ਹੀ ਸ. ਭੁਪਿੰਦਰ ਸਿੰਘ ਵਰਕਸ਼ਾਪ ਵਾਲਿਆਂ ਦੇ ਘਰ ਦਰਸ਼ਨ ਦਿੱਤੇ ਅਤੇ ਨੇੜੇ ਹੀ ਕੁਝ ਦੂਰੀ ਤੇ ਵਸੇ ਪਿੰਡ ਸਤੋਰਸ ਮਨਜੀਤ ਸਿੰਘ ਅਤੇ ਉਹਨਾਂ ਦੇ ਭਰਾ ਮਨਮੋਹਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਵਾਪਸੀ ਸਮੇਂ ਅਤੇ ਵਿੱਚ ਹੀ ਟੈਗੋਰ ਨਗਰ ਸ. ਕਲਜਿੰਦਰ ਸਿੰਘ ਦੇ ਘਰ ਚਰਨ ਪਾ ਕੇ ਨੇੜੇ ਪੰਡਾਲ ਵਿਚ ਉਡੀਕ ਰਹੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਮੰਚ ਤੇ ਹਰਭਜਨ ਸਿੰਘ ਖੰਡੂਵਾਲੀਏ ਕਥਾ ਕਰ ਰਹੇ ਸਨ ਅਤੇ ਆਪਣੀ ਕਥਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਾਦੇੜ ਵਿਖੇ ਕੀਤੇ ਨਰ ਨਾਟਕ ਦਾ ਜ਼ਿਕਰ ਵਿਸਥਾਰ ਪੂਰਵਕ ਕਰ ਰਹੇ ਸਨ। ਕਥਾ ਸਮਾਪਤੀ ਬਾਅਦ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲੇ ਨੇ ਹੱਲੇ ਦਾ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਬਖਸ਼ੇ ਨਾਮ ਦੇ ਨਸ਼ੇ ਬਾਰੇ ਗਲ ਕੀਤੀ ਕਿ ਕਿਸ ਤਰਾਂ ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਤਰਾਂ ਨਾਮ ਅਤੇ ਬਾਣੀ ਨਾਲ ਜੋੜ ਨਾਮਧਾਰੀ ਪੰਥ ਦੀ ਨੀਂਹ ਰੱਖੀ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ।

ਇਸ ਦੇ ਨਾਲ ਹੀ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ ਅਤੇ ਸੂਬਾ ਗੁਲਜ਼ਾਰ ਸਿੰਘ, ਭੁਪਿੰਦਰ ਸਿੰਘ, ਸੰਤ ਕਰਮ ਸਿੰਘ, ਜਸਵੰਤ ਸਿੰਘ ਜੱਸ, ਲਾਡੀ ਗੜ੍ਹਦੀਵਾਲ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬ, ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਸਭਨਾ ਨੇ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

-------

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਜਿਲਾਂ ਅੰਮ੍ਰਿਤਸਰ ਦਾ ਬਸੰਤ ਮੇਲਾ

ਮਾਘ ਮਹੀਨੇ ਦੀ ਸਗਰਾਂਦ ਤੋ ਆਸਾ ਦੀ ਵਾਰ ਦੇ ਕੀਰਤਨ ਨਾਲ ਅੰਮ੍ਰਿਤ ਵੇਲੇ ਬਸੰਤ ਰਾਗ ਵਿੱਚ ਰਚਿਤ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੀ ਬਾਣੀ ਬਸੰਤ ਦੀ ਵਾਰ ਗੁਰਬਾਣੀ ਦਾ ਗਾਇਨ ਵੀ ਅਰੰਭ ਹੁੰਦਾ ਹੈ। ਜੋ ਕਿ ਸਾਡੇ ਸਭਨਾ ਲਈ ਬਸੰਤ ਆਗਮਨ ਦਾ ਸੰਕੇਤ ਹੁੰਦਾ ਹੈ। ਬਸੰਤ ਰੁੱਤ ਦਾ ਨਾਮ ਸਾਹਮਣੇ ਆਉਣ ਤੇ ਖਾਸ ਕਰਕੇ ਨਾਮਧਾਰੀ ਪੰਥ ਵਿੱਚ ਇੱਕ-ਦਮ ਉਸ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਹੋਏ ਮਨਵਤਾ ਲਈ ਪਰਉਪਕਾਰ ਅੱਗੇ ਆਣ ਖਲੋਂਦੇ ਹਨ। ਇਸ ਦੇ ਨਾਲ ਹੀ ਨਾਮਧਾਰੀ ਪੰਥ ਵਿੱਚ ਬਸੰਤ ਮੇਲਿਆਂ ਦੀ ਸ਼ੁਰੂਆਤ ਹੁੰਦੀ ਹੈ। ਅਜਿਹਾ ਹੀ ਅਵਸਰ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰ ਦੀ ਨਾਮਧਾਰੀ ਸਾਧ ਸੰਗਤ ਨੂੰ ਬਖਸ਼ਿਆਂ। ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਖਤਰਾਏਂ ਖੁਰਦ ਵਿਖੇ ਸ. ਪਰਸੋਤਮ ਸਿੰਘ ਬਾਠ ਸਰਪੰਚ ਅਤੇ ਮੈਂਬਰ ਜਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੀ ਅਰਜ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ 18 ਜਨਵਰੀ 2019 ਦਿਨ ਸ਼ੁੱਕਰਵਾਰ ਮੁਤਾਬਿਕ 5 ਮਾਘ 2075 ਬਿਕਰਮੀ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਅੰਮ੍ਰਿਤਸਰ ਪਹੁੰਚੇ ਅਤੇ ਇੱਥੇ ਸ਼ਹਿਰ ਵਿਚ ਹੀ ਸ. ਸਰਦੂਲ ਸਿੰਘ, ਸ. ਮਨੋਹਰ ਸਿੰਘ ਅਤੇ ਹਰਦਿਆਲ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਚੱਲ ਕੇ ਪਿੰਡ ਭੋਇਵਾਲੀ ਸ. ਗੁਰਦਿਆਲ ਸਿੰਘ, ਗੁਲਜਾਰ ਸਿੰਘ ਦੇ ਘਰ ਚਰਨ ਪਾਉਣ ਬਾਅਦ ਪਿੰਡ ਖਤਰਾਏਂ ਸ. ਪ੍ਰਸੋਤਮ ਸਿੰਘ ਦੇ ਘਰ ਪ੍ਰਸ਼ਾਦਾ ਛਕਣ ਉਪਰੰਤ ਮੇਲੇ ਵਾਲੇ ਸਥਾਨ ਡੇਰਾ ਬਾਬਾ ਬਹਾਦਰ ਸਿੰਘ ਜੀ ਦੀਵਾਨ ਹਾਲ ਵਿੱਚ ਪਹੁੰਚ ਕੇ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ ਅਤੇ ਆਪਣੇ ਦੀਵਾਨ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਦਾ ਵਰਨਣ ਕਰ ਰਹੇ ਸਨ। ਕਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਮੁੜ ਸੁਰਜੀਤ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਸਿੱਖਾਂ ਨੂੰ ਦੇਸ ਅਜਾਦੀ ਲਈ ਆਪਾ ਕੁਰਬਾਨ ਕਰਨ ਲਈ ਤਿਆਰ ਕੀਤਾ। ਦੀਵਾਨ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿੱਚ ਸਾਧ ਸੰਗਤ ਨੂੰ ਹੁਕਮ ਕੀਤਾ ਕਿ ਦੁਨਿਆਵੀ ਪ੍ਰਾਪਤੀਆਂ ਨਾਲੋ ਸਭ ਤੋ ਉੱਚੀ ਪ੍ਰਪਾਤੀ ਹੈ। ਗੁਰਸਿੱਖੀ ਜੋ ਸਾਡੇ ਗੁਰੂ ਸਾਹਿਬਾਨਾਂ ਨੇ ਸਾਨੂੰ ਦਿੱਤੀ। ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਦਾ ਹੁਕਮ ਸ੍ਰੀ ਸਤਿਗੁਰੂ ਜੀ ਨੇ ਕੀਤਾ। ਇਸ ਸਮੇ ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੰਤ ਹਰਦੇਵ ਸਿੰਘ ਬਿਜਲੀਵਾਲ, ਸੂਬਾ ਗੁਲਜਾਰ ਸਿੰਘ ਮਹਿਮੂਦਪੁਰ, ਸੂਬਾ ਸ਼ਾਮ ਸਿੰਘ ਤਰਨਤਾਰਨ, ਸੂਬਾ ਮੋਹਕਮ ਸਿੰਘ ਹਾਜ਼ਰ ਸਨ। ਮੇਲੇ ਦੀ ਸਮਾਪਤੀ ਅਰਦਾਸ ਨਾਲ ਕੀਤੀ ਗਈ ਅਤੇ ਵਾਪਸੀ ਸਮੇ ਰਸਤੇ ਵਿਚ ਸ. ਹਰਜੀਤ ਸਿੰਘ ਦੇ ਘਰ ਚਰਨ ਪਾ ਕੇ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਭੈਣੀ ਸਾਹਿਬ ਲਈ ਰਵਾਨਾ ਹੋ ਗਿਆ।

**– ਸੂਬਾ ਬਲਵਿੰਦਰ ਸਿੰਘ ਝੱਲ**

---------

## ਮੁੰਬਈ ਵਿਖੇ ਬਸੰਤ ਮੇਲਾ

ਮੁੰਬਈ ਸਾਧ ਸੰਗਤ ਨੇ 10-2-2019 ਨੂੰ ਮ ਤੇਂਡੂਲਕਰ ਹਾਲ ਵਿਚ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਬਸੰਤ ਪੰਚਮੀ ਦਾ ਮੇਲਾ ਮਨਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਇਸ ਮੇਲੇ ਵਿਚ ਦਿੱਲੀ ਤੋਂ ਜਥੇਦਾਰ ਨਿਸ਼ਾਨ ਸਿੰਘ, ਆਪਣੇ ਜਥੇ ਸਮੇਤ ਪੁੱਜੇ। 9-2-2019 ਸ਼ਾਮ ਦੇ ਵੇਲੇ ਸਾਧ ਸੰਗਤ ਨੇ ਲੰਗਰ ਦੀ ਸੇਵਾ ਕੀਤੀ। ਨਾਲ ਹੀ ਜਥੇਦਾਰਾਂ ਕਥਾ, ਕੀਰਤਨ ਦੁਆਰਾ ਸਾਧ ਸੰਗਤ ਨੂੰ ਨਿਹਾਲ ਕੀਤਾ। ਸਾਧ ਸੰਗਤ ਨੇ ਵੱਧ-ਚੜ੍ਹ ਕੇ, ਬੀਬੀਆਂ, ਬੱਚਿਆਂ, ਨੇ ਸੇਵਾ ਵਿਚ ਯੋਗਦਾਨ ਪਾਇਆ। 10-2-2019 ਜਥੇਦਾਰ ਨਿਸ਼ਾਨ ਸਿੰਘ ਜੀ ਨੇ ਆਸਾ ਦੀ ਵਾਰ (ਵਾਰਾ) ਬੜੀ ਹੀ ਰਸਮਈ ਧਾਰਨਾ ਨਾਲ ਲਾਇਆ। 9.30 ਤੋਂ ਦੀਵਾਨ ਦੀ ਅਰੰਭਤਾ ਸੰਤ ਜਸਪਾਲ ਸਿੰਘ ਕਲਸੀ ਦੁਆਰਾ, ਅਸਥਾਨੀਏ ਸੰਗਤ ਦੇ ਪਤਵੰਤੇ ਸੱਜਣਾਂ ਨੇ ਕੀਤੀ। ਦਾਸ ਲਖਵੀਰ ਸਿੰਘ ਨੇ ਕਥਾ, ਅਤੇ ਗੁਰੂ ਇਤਿਹਾਸ ਦੇ ਪ੍ਰਕਰਣ ਤੇ ਵਿਆਖਿਆ

ਕਰਦਿਆਂ- ਧਾਰਨ ਪੜੀ-"ਰੱਖੀ ਸਤਿਗੁਰੂ ਰਾਮ ਸਿੰਘ ਨੇ, ਨਹੀਂ ਤੇ ਖਾਲਸੇ ਦੀ ਰੀਤ ਮਿਟ ਜਾਂਦੀ....।"

ਉਪਰੰਤ ਸਿੰਘ ਸਭਾ ਗੁਰਦੁਆਰਾ ਦੇ ਅਸਥਾਨੀਏ ਰਾਗੀਆਂ ਨੇ ਮਧੁਰ ਮਈ ਕੀਰਤਨ ਨਾਲ ਸੇਵਾ ਨਿਭਾਈ। ਜਥੇਦਾਰ ਨਿਸ਼ਾਨ ਸਿੰਘ ਜੀ ਨੇ 11.30 ਤੋਂ ਹੱਲੇ ਦੇ ਦੀਵਾਨ ਨਾਲ ਸਮਾਂ ਬੰਨਿਆ। ਜਥੇਦਾਰ ਜੀ ਦੇ ਜਥੇ ਨੇ ਅਨੇਕ ਧਾਰਨਾ ਗਾਇਨ ਕਰਕੇ ਸਾਧ ਸੰਗਤ ਦਾ ਮਨ ਮੋਹਿਆ। ਸੁਰਿੰਦਰ ਸਿੰਘ (ਤਬਲਾ) ਨੇ ਆਪਣੇ ਢੋਲਕੀ ਦੇ ਜੌਹਰ ਦਰਸਾ ਕੇ ਨਿਹਾਲ ਕੀਤਾ। ਜਥੇਦਾਰ ਨਿਸ਼ਾਨ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਦੇ ਪ੍ਰਕਰਣ ਸਰਵਣ ਕਰਵਾਏ। ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਖਾਲਸੇ ਰਾਜ ਦੀ ਚੜ੍ਹਦੀ ਕਲਾ ਅਤੇ ਪਤਨ ਹੋਣ ਤੱਕ ਦਾ ਇਤਿਹਾਸ ਬੜੀ ਤਰਤੀਬ ਨਾਲ ਸਰਵਣ ਕਰਵਾਇਆ। 1.30 ਵਜੇ ਦੁਪਿਹਰੇ ਜਥੇਦਾਰ ਜੀ ਨੇ ਆਪਣੇ ਦੀਵਾਨ ਦੀ ਸਮਾਪਤੀ ਕੀਤੀ। ਸਾਧ ਸੰਗਤ ਨੇ ਇਕ ਰਸ ਹੋ ਕੇ ਦੀਵਾਨ ਦਾ ਆਨੰਦ ਮਾਣਿਆ। ਉਪਰੰਤ ਕਵੀ ਦਰਬਾਰ ਵਚ ਬੁਲਾਰਿਆਂ ਨੇ ਸਮਾ ਬੰਨਿਆ। ਬੀਬੀਆਂ ਅਤੇ ਬੱਚਿਆਂ ਨੇ ਸ਼ਬਦ-ਕੀਰਤਨ ਕਰਕੇ ਸੰਗਤ ਦਾ ਮਨ ਮੋਹਿਆ। ਸਤਿਗੁਰੂ ਜੀ ਦੇ ਅਤੁੱਟ ਲੰਗਰ ਦੀ ਸੇਵਾ ਹਰ ਵਾਰ ਦੀ ਤਰ੍ਹਾਂ ਪੱਪੂ ਭਾਜੀ (ਕਲਸੀ) ਹੁਣਾ ਨਿਭਾਈ। ਸਾਧ ਸੰਗਤ ਨੇ ਵਧ-ਚੜ ਕੇ ਸੇਵਾ 'ਚਆਪਣਾ ਯੋਗਦਾਨ ਪਾਇਆ।

ਪ੍ਰਧਾਨ ਖੁਰਾਨਾ ਜੀ ਨੇ ਜਥੇਦਾਰਾਂ ਦਾ ਅਤੇ ਆਈ ਸਾਧ ਸੰਗਤ ਦਾ ਧੰਨਵਾਦ ਬੜੇ ਸੁੱਚਜੇ ਢੰਗ ਨਾਲ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਰੱਖੇ ਪਾਠ ਦੇ ਭੋਗ ਉਪਰੰਤ ਅਰਦਾਸ ਨਾਲ ਸਮਾਪਤੀ ਹੋਈ।

**ਪ੍ਰਬੰਧਕ—**
**ਨਾਮਧਾਰੀ ਸੰਗਤ ਮੁੰਬਈ**

- - - - - - - - - - - - - - - - - - - - - - - - -

## ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਸੰਤ ਮੋਹਨ ਸਿੰਘ ਜੀ ਛਿਆਹਟੇ ਵਾਲੇ 2 ਫਰਵਰੀ 2019 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਮੇਲਾ 8 ਫਰਵਰੀ ਨੂੰ ਛਿਆਹਟੇ ਵਿਖੇ ਮਨਾਇਆ ਗਿਆ। ਜਿਸ ਵਿਚ ਜਥੇਦਾਰ ਗੁਰਲਾਲ ਸਿੰਘ ਮੁਹਾਵਾ ਵਾਲਿਆਂ ਨੇ ਆਪਣੇ ਅਨਮੋਲ ਬਚਨਾਂ ਨਾਲ ਕੀਰਤਨ ਕਰਕੇ ਉਨ੍ਹਾਂ ਦੇ ਜੀਵਨ ਤੇ ਚਾਨ੍ਹਣਾਂ ਪਾਇਆ। ਉਹ ਪੂਰਨ ਗੁਰਸਿੱਖ, ਸੱਚਾ-ਸੁੱਚਾ ਜੀਵਨ ਬਤੀਤ ਕਰਕੇ ਗਏ ਸਨ। ਉਹ ਮਿੱਠਬੋਲੜੇ ਅਤੇ ਮਿਲਾਪੜੇ ਸਨ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਚਰਨਾਂ ਦੇ ਭੌਰੇ ਸਨ। ਉਨ੍ਹਾਂ ਦਾ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਸਿਮਰਨ ਕਰਨਾ ਨਿਤ ਨਿਯਮ ਸੀ।

**ਜੀਤ ਸਿੰਘ ਛਿਆਹਟਾ,**
**ਅੰਮ੍ਰਿਤਸਰ।**
**ਮੋਬਾਈਲ ਨੰ.- 9888438947**

- - - - - - - - - - - - - - - - - - - - - - - - -

## ਬੀਬੀ ਰਾਜਿੰਦਰ ਕੌਰ ਨਮਿਤ ਭੋਗ


ਬੀਬੀ ਰਾਜਿੰਦਰ ਕੌਰ ਸੱਗੂ ਧਰਮ ਪਤਨੀ ਸੰਤ ਸੋਹਨ ਸਿੰਘ ਸੱਗੂ ਜੋ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚਲ ਰਹੇ ਸਨ।ਉਹ ਅਕਾਲ ਪੁਰਖ ਵਲੋਂ ਮਿਲੀ ਆਯੂ ਭੋਗ ਕੇ 11/2/2019 ਨੂੰ ਅਕਾਲ ਚਲਾਣਾ ਕਰ ਗਏ ਹਨ। ਬੀਬੀ ਜੀ 69 ਕੁ ਵਰ੍ਹਿਆਂ ਦੇ ਸਨ।ਆਪ ਗੈਰ ਨਾਮਧਾਰੀ ਪਰਿਵਾਰ ਨਾਲ ਸਬੰਧ ਰੱਖਦੇ ਸਨ।ਜਿਸ ਵੇਲੇ ਸੰਤਾਂ ਨਾਲ ਆਨੰਦ ਕਾਰਜ ਹੋਇਆ ਅਤੇ ਨਾਮਧਾਰੀ ਪਰਿਵਾਰ ਨਾਲ ਜੁੜੇ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਆਪਾਰ ਖੁਸ਼ੀਆਂ ਦੇ ਪਾਤਰ ਬਣ ਗਏ।ਅੰਮ੍ਰਿਤ ਵੇਲੇ ਦਾ ਜਾਗਣਾ ਨਾਮ ਸਿਮਰਨ ਕਰਨਾ ਅਤੇ ਬਚਿਆਂ ਨੂੰ ਵੀ ਗੁਰਸਿੱਖੀ ਰਹੁ ਰੀਤੀ ਅਨੁਸਾਰ ਚਲਾਇਆ।ਉਨ੍ਹਾਂ ਨਮਿਤ ਸਾਧਾਰਨ ਪਾਠ ਦਾ ਭੋਗ 17/2/2019 ਦਿਨ ਐਤਵਾਰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿੱਖੇ ਪਾਇਆ ਗਿਆ । ਸੁਖਵਿੰਦਰ ਸਿੰਘ ਲਾਇਲ ਨੇ "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ"।ਅਤੇ "ਪੂਤਾ ਮਾਤਾ ਕੀ ਆਸੀਸ"।ਆਦਿ ਸ਼ਬਦਾਂ ਨੂੰ ਮੁੱਖ ਰੱਖਕੇ ਕੀਰਤਨ ਕੀਤਾ ਅਤੇ ਜਥੇਦਾਰ ਬਲਬੀਰ ਸਿੰਘ ਜੀ ਨੇ ਵੀ ਗੁਰੂ ਸਾਹਿਬਾਨਾਂ ਵਲੋਂ ਮਾਈਆਂ ਬੀਬੀਆਂ ਉੱਤੇ ਕੀਤੇ ਉਪਕਾਰਾਂ ਨੂੰ ਵਿਸਥਾਰ ਨਾਲ ਦਸਕੇ ਬੀਬੀ ਜੀ ਨੂੰ ਸ਼ਰਧਾਂਜਲੀ ਅਰਪਤ ਕੀਤੀ । ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਘਰ ਜਾਕੇ ਪਰਿਵਾਰ ਨੂੰ ਭਾਣਾ ਮੰਨਣ ਲਈ ਅਤੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਚਲਣ ਦੀ ਪ੍ਰੇਰਣਾ ਕੀਤੀ ।ਸਮੂਹ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਤਹਿਦਿਲੋਂ ਧੰਨਵਾਦ ਕੀਤਾ।

**ਸਵਿੰਦਰ ਸਿੰਘ ਨਾਮਧਾਰੀ ਲੁਧਿਆਣਾ।**




ਸ੍ਰੀ ਸਤਿਗੁਰੂ ਜੀ ਆਏ ਹੋਏ ਕਲਾਕਾਰਾਂ ਨਾਲ ਯਾਦਗਾਰੀ ਤਸਵੀਰ ਕਰਵਾਉਂਦੇ ਹੋਏ।





ਪੰਡਿਤ ਮਾਤਾ ਪ੍ਰਸ਼ਾਦ ਮਿਸ਼ਰਾ ਅਤੇ ਪੰਡਿਤ ਰਵੀ ਸ਼ੰਕਰ ਮਿਸ਼ਰਾ ਨੂੰ ਸਿਰੋਪਾਉ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਅਰਵਿੰਦ ਕੁਮਾਰ ਆਜ਼ਾਦ ਨੂੰ ਸਿਰੋਪਾਉ ਦਿੰਦੇ ਹੋਏ।



ਸ੍ਰੋਤਾ ਮੰਡਲ

Date of Publication:20-3-2019,
Date of Posting: 21-22 Mar.2019

RNI NO. 55658/93 Delhi Postal Regd. No. DL(W) 01/2055/18-20

# ਮਾਨਾਂ ਵਾਲੇ ਹੋਲੇ ਪਰ ਸਤਿਗੁਰਾਂ ਦੀ ਜਾਹਰੀ ਕਰਾਮਾਤ

ਮਾਨਾਂ ਵਾਲੇ ਦੇ ਹੋਲੇ ਦਾ ਹਾਲ ਥੋੜ੍ਹਾ ਏਹ ਬੀ ਸੁਣੋ ਲਾ ਕੇ ਜਰਾ ਧਿਆਨ ਵੀਰੋ
ਕਠ ਬਹੁਤ ਭਾਰੀ ਹੋਇਆ ਉਸ ਥਾਂ ਤੇ ਭੀੜ ਭਾੜ ਦੇ ਮਚੇ ਘਮਸਾਨ ਵੀਰੋ
ਘੋੜਯਾਂ ਉਤੇ ਥੇ ਸਿੰਘ ਸਰਦਾਰ ਸਾਥੀ ਹਾਥੀ ਉਤੇ ਸਤਿਗੁਰ ਕਲਾਵਾਨ ਵੀਰੋ
ਖਲਕਤ ਹੋਰ ਭਾਰੀ ਪੈਦਲ ਤਰਫ ਚਾਰੋਂ ਸਜੀ ਬਹੁਤ ਜਲੂਸ ਦੀ ਸ਼ਾਨ ਵੀਰੋ
ਗਿਆਨੀ ਸਿੰਘ ਦੇ ਘੋੜੇ ਦੀ ਫੇਟ ਖਾ ਕੇ ਲੜਕਾ ਮਰ ਗਿਆ ਇਕ ਨਿਦਾਨ ਵੀਰੋ
ਰੰਗ ਵਿਚ ਹੀ ਆਣ ਕੇ ਭੰਗ ਪੈ ਗਯਾ ਭਾਨਾ ਵਰਤਿਆ ਆਨ ਭਗਵਾਨ ਵੀਰੋ
ਸੁੰਬ ਖਾਇਕੇ ਘੋੜੇ ਦਾ ਵਿਚ ਛਾਤੀ ਲੜਕਾ ਛਡ ਗਿਆ ਤੁਰਤ ਪ੍ਰਾਨ ਵੀਰੋ
ਮਾਈ ਬਾਪ ਉਸ ਬਚੇ ਦੇ ਆਣ ਓਥੇ ਲਗੇ ਮਛੀਆਂ ਵਾਂਗ ਤੜਫਾਨ ਵੀਰੋ
ਤੁਹਮਤ ਥਪ ਕੇ ਬਚੇ ਦੀ ਸਤਿਗੁਰਾਂ ਤੇ ਨਿੰਦਕ ਲੋਕ ਲੱਗੇ ਜੱਲੀ ਪਾਨ ਵੀਰੋ
ਕਿਸੇ ਦਸਯਾ ਜਾਇਕੇ ਸਤਿਗੁਰਾਂ ਨੂੰ ਮੁੰਡੇ ਮਰੇ ਦਾ ਕੁਲ ਬਿਆਨ ਵੀਰੋ
ਸਤਿਗੁਰ ਛੇੜ ਹਾਥੀ ਪਹੁੰਚੇ ਤੁਰਤ ਓਥੇ ਮੁੰਡਾ ਪਿਆ ਸੀ ਜਹਾਂ ਬੇਜਾਨ ਵੀਰੋ
ਉਠ ਬਚਿਆ ਸਤਿਗੁਰਾਂ ਹੁਕਮ ਕੀਤਾ ਚਰਨ ਮੁੰਡੇ ਨੂੰ ਗੁਰੂ ਛੁਹਾਨ ਵੀਰੋ
ਮੁੰਡਾ ਉਠ ਕੇ ਭੱਜਯਾ ਮਾਉਂ ਵੰਨੀ ਖੜਾ ਦੇਖਦਾ ਕੁਲ ਜਹਾਨ ਵੀਰੋ
ਮੋਇਆ ਹੋਇਆ ਜੀਵਾਲਿਆ ਸਤਿਗੁਰਾਂ ਨੇ ਹੋਕੇ ਬਹੁਤ ਭਾਰੀ ਮਿਹਰਵਾਨ ਵੀਰੋ
ਪੁਸਤਕ ਵਧਨ ਕਰਕੇ ਸਾਰਾ ਨਹੀਂ ਲਿਖਦਾ ਹੈ ਏਹ ਬਹੁਤ ਵਡਾ ਦਾਸਤਾਨ ਵੀਰੋ
ਸਾਰਾ ਲਿਖੂੰਗਾ ਫੇਰ ਹਰਨਾਮ ਸਿੰਘਾ ਹਾਲੇ ਥੋੜਾ ਹੀ ਕਰੋ ਪ੍ਰਵਾਨ ਵੀਰੋ

ਸ੍ਰ. ਹਰਨਾਮ ਸਿੰਘ ਬਗਲੀ ਕਲਾਂ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.